**ਐਮ.ਏ. (ਇਤਿਹਾਸ) ਭਾਗ-ਪਹਿਲਾ ਸਮੈਸਟਰ ਪਹਿਲਾ ਪਰਚਾ ਪਹਿਲਾ**

**ਪੰਜਾਬ ਦਾ ਇਤਿਹਾਸ**

**(1469-1675 ਈ.)**

**ਯੂਨਿਟ ਨੰ : 2** **ਸੈਕਸ਼ਨ-ਬੀ**

**ਪਾਠ ਨੰ. :**


2.1: ਗੁਰੂ ਅਰਜਨ ਦੇਵ ਜੀ ਦੇ ਕੰਮ ਅਤੇ ਪ੍ਰਾਪਤੀਆਂ

2.2: ਆਦਿ ਗ੍ਰੰਥ : ਸੰਪਾਦਨਾ, ਵਿਸ਼ਾ-ਵਸਤੂ ਅਤੇ ਇਤਿਹਾਸਕ ਮਹੱਤਵ

2.3: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਜ਼ਿੰਮੇਵਾਰ ਹਾਲਾਤ ਅਤੇ ਉਸ ਦਾ ਅਸਰ

2.4: ਗੁਰੂ ਹਰਗੋਬਿੰਦ ਸਿੰਘ

2.5: ਸਿੱਖ ਗੁਰੂਆਂ ਦੇ ਮੁਗਲਾਂ ਨਾਲ ਸੰਬੰਧ


**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ** www.pbidde.org **ਤੋਂ ਡਾਊਨਲੋਡ ਕਰਨ।**


ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

ਪਾਠ ਨੰ. 2.1

# ਗੁਰੂ ਅਰਜਨ ਦੇਵ ਜੀ ਦੇ ਕੰਮ ਅਤੇ ਪ੍ਰਾਪਤੀਆਂ

ਗੁਰੂ ਰਾਮ ਦਾਸ ਜੀ 1581 ਈ. ਵਿਚ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਜੀ ਗੁਰਗੱਦੀ ਤੇ ਬੈਠੇ। ਉਸ ਵੇਲੇ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ ਦੀ ਸੀ। ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਉਨ੍ਹਾਂ ਦੀ ਸਖਤ ਵਿਰੋਧਤਾ ਕੀਤੀ। ਪਰ ਉਹ ਉਨ੍ਹਾਂ ਨੂੰ ਗੱਦੀ ਤੋਂ ਲਾਹੁਣ ਵਿਚ ਨਾਕਾਮਯਾਬ ਰਹਿਆ ਤੇ ਗੁਰੂ ਅਰਜਨ ਦੇਵ ਜੀ ਨੇ ਸਿੱਖ ਮੱਤ ਦੇ ਵਿਕਾਸ ਦਾ ਕਾਰਜ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ।

## ਅੰਮ੍ਰਿਤਸਰ ਨੂੰ ਪੂਰਾ ਕਰਵਾਉਣਾ

ਗੁਰੂ ਰਾਮ ਦਾਸ ਜੀ ਨੇ ਗੁਰੂ ਅਮਰ ਦਾਸ ਜੀ ਦੇ ਅੰਤਿਮ ਦਿਨਾਂ ਵਿਚ 1573 ਈਸਵੀ ਵਿਚ ਸੰਤੋਖਸਰ ਅਤੇ ਅੰਮ੍ਰਿਤਸਰ ਸਰੋਵਰ ਖੁਦਵਾਉਣੇ ਸ਼ੁਰੂ ਕੀਤੇ ਸਨ। ਅਗਲੇ ਸਾਲ ਗੁਰੂ ਅਮਰ ਦਾਸ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਕੰਮ ਬੰਦ ਕਰਨਾ ਪਿਆ। ਇਹ ਦੁਬਾਰਾ ਤਿੰਨ ਸਾਲ 1577 ਈਸਵੀ ਵਿਚ ਸ਼ੁਰੂ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਸਰੋਵਰਾਂ ਨੂੰ ਪੂਰਾ ਕਰਾਉਣ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ ਤੇ ਚੱਕ ਰਾਮ ਦਾਸ ਜਾਂ ਗੁਰੂ ਦਾ ਚੱਕ ਨੂੰ ਵਧਾਉਣ ਦੇ ਕੰਮ ਵੀ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਰੋਜ਼ਾਨਾ ਕੰਮ ਵਾਲੀ ਥਾਂ ਜਾਂਦੇ ਸਨ ਅਤੇ ਕੰਮ ਦੀ ਦੇਖ ਭਾਲ ਕਰਦੇ ਸਨ। ਉਨ੍ਹਾਂ ਨੇ ਆਪਣੇ ਭਰੋਸੇਯੋਗ ਸਿੱਖਾਂ ਬਾਬਾ ਬੁੱਢਾ, ਸਾਲੋ, ਭਗਤੂ, ਪਿਆਰਾ, ਬਹਿਲੋ ਤੇ ਕਲਿਆਣੇ ਨੂੰ ਵੀ ਕੰਮ ਦੀ ਨਿਗਰਾਨੀ ਤੇ ਲੋੜੀਂਦਾ ਸਮਾਨ ਇੱਟਾਂ, ਚੂਨਾ ਆਦਿ ਲਿਆਉਣ ਦੇ ਕੰਮ ਲਈ ਨਿਯੁਕਤ ਕੀਤਾ। ਮਿੱਟੀ ਦੀ ਪੁਟਾਈ ਦਾ ਕੰਮ ਤਾਂ ਗੁਰੂ ਰਾਮ ਦਾਸ ਜੀ ਕਰਵਾ ਚੁੱਕੇ ਸਨ, ਆਲੇ-ਦੁਆਲੇ ਦੀਆਂ ਕੰਧਾਂ ਤੇ ਫਰਸ਼ਾਂ ਆਦਿ ਪਵਾਉਣ ਦਾ ਕੰਮ ਗੁਰੂ ਅਰਜਨ ਦੇਵ ਦੇ ਜ਼ਿੰਮੇ ਆ ਪਿਆ।

ਖੁਦਾਈ ਪੂਰੀ ਹੋਣ ਤੋਂ ਬਾਅਦ ਸਰੋਵਰ ਦੇ ਵਿਚਕਾਰ ਹਰਿਮੰਦਰ (ਰੱਬ ਦਾ ਮੰਦਰ) ਬਣਾਉਣ ਦੀ ਯੋਜਨਾ ਬਣਾਈ ਗਈ। ਸਿੱਖਾਂ ਨੇ ਸਲਾਹ ਦਿੱਤੀ ਕਿ ਹਰਿਮੰਦਰ ਆਲੇ-ਦੁਆਲੇ ਦੀਆ ਸਭ ਇਮਾਰਤਾਂ ਤੋਂ ਉੱਚਾ ਹੋਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਯੋਗ ਸਨਮਾਨ ਪ੍ਰਾਪਤ ਹੋ ਸਕੇ। ਪਰ ਗੁਰੂ ਅਰਜਨ ਦੇਵ ਨੇ ਉੱਤਰ ਦਿੱਤਾ, ਨਹੀਂ ਜੋ ਨਿਮਰ ਹੈ ਉਹ ਹੀ ਉੱਚਾ ਹੈ। ਦੂਜੇ ਹਿੰਦੂ ਮੰਦਰਾਂ ਦੀ ਬਜਾਏ (ਜੋ ਕਿ ਤਿੰਨ ਪਾਸਿਆਂ ਤੋਂ ਬੰਦ ਹੁੰਦੇ ਸਨ ਤੇ ਸਿਰਫ ਪੂਰਵ ਵਿਚ ਚੜ੍ਹਦੇ ਹੋਏ ਸੂਰਜ ਵੱਲ ਖੁੱਲ੍ਹਦੇ ਸਨ) ਹਰਿਮੰਦਰ ਚਾਰੇ ਪਾਸਿਉਂ ਖੁਲ੍ਹਾ ਰੱਖਿਆ ਗਿਆ। ਭਾਵ ਉਸ ਦੇ ਚਾਰੋਂ ਦਿਸ਼ਾਵਾਂ ਵਿਚ ਦਰਵਾਜ਼ੇ ਸਨ। ਇਸ ਦਾ ਅਰਥ ਇਹ ਸੀ ਕਿ ਸਿੱਖ ਮੰਦਰ ਪੂਜਾ ਵਾਸਤੇ ਸਭ ਲਈ ਖੁਲ੍ਹਾ ਸੀ।

ਹਰਿਮੰਦਰ ਦੀ ਨੀਂਹ ਗੁਰੂ ਅਰਜਨ ਦੇਵ ਦੇ ਮਿੱਤਰ ਅਤੇ ਪ੍ਰਸ਼ੰਸਕ ਸੂਫੀ ਫ਼ਕੀਰ ਮੀਆ ਮੀਰ ਦੇ ਹੱਥੋਂ ਜਨਵਰੀ 1589 ਵਿਚ ਰੱਖੀ ਗਈ। ਇਹ ਮੰਦਰ 1601 ਵਿਚ ਬਣ ਕੇ ਤਿਆਰ ਹੋਇਆ ਅਤੇ 1604 ਈਸਵੀ ਵਿਚ ਇਸੇ ਅੰਦਰ ਆਦਿ ਗ੍ਰੰਥ ਦੀ ਸਥਾਪਨਾ ਕੀਤੀ। ਬਾਬਾ ਬੁੱਢਾ ਨੂੰ ਪਹਿਲਾ ਗ੍ਰੰਥੀ (ਪਾਠੀ) ਥਾਪਿਆ ਗਿਆ।

ਸੰਤੋਖਸਰ ਦਾ ਸਰੋਵਰ ਵੀ ਪੂਰਾ ਕਰਵਾਇਆ ਗਿਆ। ਇਸ ਦਾ ਨਾਂ ਪਿਸ਼ਾਵਰ ਦੇ ਇਕ ਅਰੋੜੇ ਖੱਤਰੀ ਭਾਈ ਸੰਤੋਖ ਦੇ ਨਾਂ ਤੇ ਰੱਖਿਆ ਗਿਆ ਜਿਸ ਨੇ 250 ਸੋਨੇ ਦੀਆ ਮੋਹਰਾਂ ਗੁਰੂ ਸਾਹਿਬ ਨੂੰ ਭੇਂਟ ਕੀਤੀਆਂ ਸਨ। ਹਰਿਮੰਦਰ ਬਣਾਉਣ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਅੰਮ੍ਰਿਤਸਰ ਵਿਖੇ ਆਬਾਦ ਹੋਣ ਲਈ ਵੀ ਕਿਹਾ। ਨਵੇਂ ਅਬਾਦਕਾਰਾਂ ਨੂੰ ਹੌਸਲਾ ਦੇਣ ਤੇ ਸਹੂਲਤਾ ਦੇਣ ਹਿੱਤ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਤੇ ਸਹੂਲਤ ਦਿੱਤੀ ਗਈ। ਬਹੁਤ ਹੀ ਭਰੋਸੇਯੋਗ ਸਿੱਖ, ਭਾਈ ਸਾਲੋ ਨੂੰ ਖਾਸ ਤੌਰ ਤੇ, ਲੋਕਾਂ ਨੂੰ ਉੱਥੇ ਆਬਾਦ ਕਰਨ ਦਾ ਕੰਮ ਸੌਂਪਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਵੀ ਆਪਣਾ ਨਿਵਾਸ ਸਥਾਨ ਉੱਥੇ ਬਣਾ ਲਿਆ। ਇਸ ਤਰ੍ਹਾਂ ਬਹੁਤ ਥੋੜ੍ਹੇ ਸਮੇਂ ਵਿਚ ਅੰਮ੍ਰਿਤਸਰ ਇਕ ਕਾਫੀ ਵੱਡਾ ਕਸਬਾ ਬਣ ਗਿਆ। ਜੀ.ਸੀ. ਨਾਰੰਗ ਅਨੁਸਾਰ, "ਅੰਮ੍ਰਿਤਸਰ ਨੂੰ ਗੁਰੂ ਅਰਜਨ ਦੁਆਰਾ ਸਿੱਖਾਂ ਦਾ ਮੁੱਖ, ਤੀਰਥ ਸਥਾਨ ਬਣਾਉਣ ਨਾਲ ਨਾਂ ਸਿਰਫ ਇਸ ਦੀ ਮਹੱਤਤਾ ਵਧੀ ਸਗੋਂ ਆਪਣਾ ਮੁੱਖ ਕੇਂਦਰ ਵੀ ਉੱਥੇ ਲਿਆ ਕੇ ਇਸ ਸ਼ਹਿਰ ਨੂੰ ਸਿੱਖਾਂ ਦਾ ਕੇਂਦਰੀ ਸਥਾਨ ਬਣਾ ਦਿੱਤਾ।"ਮੁਹੰਮਦ ਲਤੀਫ ਦੇ ਸ਼ਬਦਾਂ ਵਿਚ, "ਇਕ ਕੇਂਦਰੀ ਥਾਂ ਤੇ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਨਾਲ, ਸਿੱਖ ਕੌਮ ਦੇ ਮਹਾਨ ਭਵਿੱਖ ਦੀ ਨੀਂਹ ਰੱਖੀ ਗਈ ਕਿਉਂਕਿ ਪੂਜਾ ਦੇ ਸਾਂਝੇ ਸਥਾਨ ਤੇ ਉਨ੍ਹਾਂ ਨੂੰ ਇਕੱਠੇ ਹੋਣ ਦਾ ਮੌਕਾ ਮਿਲਣ ਲੱਗਾ। ਕੇਂਦਰ ਵਿਚ ਹੋਣ ਕਾਰਨ ਸਭ ਲਈ ਪਹੁੰਚਣਾ ਸੌਖਾ ਸੀ ਤੇ ਦੂਜੇ ਇਥੋਂ ਦੀ ਜ਼ਮੀਨ ਵੀ ਉਪਜਾਊ ਸੀ।" ਅੰਮ੍ਰਿਤਸਰ ਦਾ ਸਰੋਵਰ ਸਿੱਖਾਂ ਦੀ ਏਕਤਾ ਦਾ ਚਿੰਨ੍ਹ ਬਣ ਗਿਆ।

**ਤਰਨਤਾਰਨ**

ਅੰਮ੍ਰਿਤਸਰ ਤੋਂ ਲਗਭਗ 15 ਮੀਲ ਦੱਖਣ ਵਿਚ ਤਰਨਤਾਰਨ ਹੈ। ਗੁਰੂ ਜੀ ਨੇ ਖਾਰਾ ਪਿੰਡ ਦੇ ਨਿਵਾਸੀਆਂ ਤੋਂ ਜ਼ਮੀਨ ਪ੍ਰਾਪਤ ਕੀਤੀ ਤੇ ਇਸ ਥਾਂ ਤੇ ਤਰਨਤਾਰਨ ਦੀ ਨੀਂਹ ਰੱਖੀ। ਇਹ 1590 ਈਸਵੀ ਦੀ ਗੱਲ ਹੈ। ਤਰਨਤਾਰਨ ਤੋਂ ਭਾਵ ਹੈ ਉਹ ਬੇੜਾ ਜੋ ਮਨੁੱਖਾਂ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੈ ਜਾਵੇ। ਗੁਰੂ ਅਰਜਨ ਦੇਵ ਜੀ ਨੇ ਉੱਥੇ ਇਕ ਸਰੋਵਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾਇਆ। ਗੁਰੂ ਅਰਜਨ ਦੇਵ ਜੀ ਨੇ ਇੱਟਾਂ ਨੂੰ ਪਕਾਉਣ ਲਈ ਚੂਨੇ ਦੀਆ ਭੱਠੀਆਂ ਬਣਵਾਈਆਂ। ਜਦੋਂ ਇੱਟਾਂ ਤਿਆਰ ਹੋ ਗਈਆਂ ਤਾਂ ਇਕ ਮੁਸਲਮਾਨ ਅਫਸਰ ਨੂਰ-ਉਦ-ਦੀਨ ਜ਼ਬਰਦਸਤੀ ਇਨ੍ਹਾਂ ਨੂੰ ਚੁਕਵਾ ਕੇ ਇਕ ਸਰਕਾਰੀ ਸਰਾਂ ਬਣਾਉਣ ਲਈ ਲੈ ਗਿਆ। ਗੁਰੂ ਜੀ ਨੇ ਇਸ ਜ਼ੁਲਮ ਬਾਰੇ ਕੁਝ ਨਾ ਕੀਤਾ। ਉਨ੍ਹਾਂ ਨੇ ਉਸਾਰੀ ਦਾ ਕੰਮ ਰੋਕ ਦਿੱਤਾ। ਬਾਅਦ ਵਿਚ ਹੋਰ ਇੱਟਾਂ ਪਕਾਈਆਂ ਗਈਆਂ ਤੇ ਸਰੋਵਰ ਦੀ ਉਸਾਰੀ ਦਾ ਕੰਮ ਪੂਰਾ ਕਰਵਾਇਆ ਗਿਆ। 1795 ਈਸਵੀ ਵਿਚ ਮਿਸਲ ਸਰਦਾਰਾਂ ਨੇ ਇਸ ਸਰਾਂ ਨੂੰ ਢਾਹ ਦਿੱਤਾ ਤੇ ਉਸ ਦੀਆਂ ਇੱਟਾਂ ਸਰੋਵਰ ਦੀ ਹੋਰ ਉਸਾਰੀ ਲਈ ਵਰਤੀਆਂ ਗਈਆਂ।

ਗੁਰੂ ਜੀ ਦੁਆਰਾ ਚੁਣੀ ਗਈ ਸ਼ਹਿਰ ਦੀ ਉਸਾਰੀ ਲਈ ਇਹ ਥਾਂ ਬਹੁਤ ਹੀ ਮਾਅਰਕੇ ਦੀ ਸੀ। ਗੋਕਲ ਚੰਦ ਨਾਰੰਗ ਅਨੁਸਾਰ, "ਤਰਨਤਾਰਨ ਉਸ ਪੱਟੀ ਦੀ ਰਾਜਧਾਨੀ ਹੈ ਜਿਸ ਨੂੰ ਰਾਵੀ ਤੇ ਬਿਆਸ ਦੇ ਵਿਚਕਾਰ (ਦੋ ਦਰਿਆਵਾਂ ਦੇ ਵਿਚਕਾਰ ਦੀ ਥਾਂ) ਕਿਹਾ ਜਾਂਦਾ ਹੈ। ਇਹ ਇਲਾਕਾ ਸਥਾਨਕ ਫੌਜਾਂ ਲਈ ਸੂਰਮਿਆ ਦੀ ਖਾਣ ਅਤੇ ਤਾਕਤਵਰ ਤੇ ਮਿਹਨਤੀ ਕਿਸਾਨਾਂ ਦਾ ਘਰ ਸੀ। ਇਹ ਅੰਮ੍ਰਿਤਸਰ ਤੇ ਤਰਨਤਾਰਨ ਤੋਂ ਉੱਠਣ ਵਾਲੀ ਆਵਾਜ਼ ਜਾਂ ਨਿਕਲਣ ਵਾਲੀ ਰੌਸ਼ਨੀ ਸੀ ਜਿਸ ਨੇ ਕਿਸਾਨਾਂ ਨੂੰ ਮਹਿਸੂਸ ਕਰਵਾਇਆ ਕਿ ਉਨ੍ਹਾਂ ਪਾਸ ਬੇਅੰਤ ਸ਼ਕਤੀ ਹੈ ਤੇ ਉਨ੍ਹਾਂ ਨੂੰ ਸ਼ਾਂਤੀ ਪੂਰਵਕ ਹੱਲ ਵਾਹਕ ਘਰੇਲੂ ਆਦਮੀਆਂ ਤੋਂ ਬਹਾਦਰ ਸਿਪਾਹੀਆਂ ਵਿਚ ਬਦਲ ਦਿੱਤਾ ਤੇ ਉਨ੍ਹਾਂ ਨੂੰ ਉਸ ਧਰਤੀ ਤੇ ਰਾਜੇ

ਬਣਾ ਦਿੱਤਾ ਜਿਸ ਤੋਂ ਉਨ੍ਹਾਂ ਦੇ ਵੱਡੇ ਵਡੇਰੇ ਪੀੜ੍ਹੀਆਂ ਤੋਂ ਵਾਹੀ ਕਰਦੇ ਰਹੇ ਸਨ।"

ਤਰਨਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਨੇ ਕੋੜ੍ਹੀਆਂ ਲਈ ਇਕ ਆਸ਼ਰਮ ਬਣਾਇਆ, ਜਿਸ ਵਿਚ ਉਨ੍ਹਾਂ ਨੂੰ ਕੱਪੜੇ ਤੇ ਭੋਜਨ ਦਿੱਤਾ ਜਾਂਦਾ ਸੀ। ਜਦੋਂ ਗੁਰੂ ਜੀ ਉਸ ਆਬਾਦੀ ਵਿਚ ਵੀ ਜਾਂਦੇ ਤਾਂ ਨਿੱਜੀ ਤੌਰ ਤੇ ਕੋੜ੍ਹੀਆਂ ਦੀ ਸੇਵਾ ਕਰਦੇ।

**ਕਰਤਾਰਪੁਰ** : ਤਰਨਤਾਰਨ ਦੇ ਨਿਰਮਾਣ ਪਿੱਛੋਂ ਗੁਰੂ ਜੀ ਜਲੰਧਰ ਦੁਆਬੇ ਵੱਲ ਗਏ ਤੇ ਉਥੇ ਇਕ ਹੋਰ ਸ਼ਹਿਰ ਕਰਤਾਰਪੁਰ (ਕਰਤਾ ਦਾ ਨਗਰ) ਵਸਾਉਣ ਲਈ ਜ਼ਮੀਨ ਖਰੀਦੀ। ਇਹ ਥਾਂ ਸਤਲੁਜ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਪੈਂਦੀ ਸੀ। ਇਸ ਸ਼ਹਿਰ ਦੀ ਨੀਂਹ 1593 ਈਸਵੀ ਵਿਚ ਰੱਖੀ ਗਈ। ਉਥੇ ਗੰਗਾਸਰ ਨਾਂ ਦੇ ਸਰੋਵਰ ਦੀ ਖੁਦਾਈ ਕਰਵਾਈ ਗਈ ਅਤੇ ਗੁਰੂ ਜੀ ਨੇ ਲੋਕਾਂ ਨੂੰ ਕਿਹਾ ਕਿ ਇਸ ਸਰੋਵਰ ਦਾ ਪਾਣੀ ਗੰਗਾ ਜਿੰਨਾ ਪਵਿੱਤਰ ਹੋਵੇਗਾ। ਉਹ ਚਾਹੁੰਦੇ ਸਨ ਕਿ ਲੋਕ ਗੰਗਾ ਦੀ ਕਠਿਨ ਯਾਤਰਾ ਕਰਨ ਦੀ ਥਾਂ ਇਸ ਸਥਾਨਕ ਸਰੋਵਰ ਵਿਚ ਇਸ਼ਨਾਨ ਕਰਨ। ਕਰਤਾਰਪੁਰ ਜਲੰਧਰ ਦੋਆਬੇ ਵਿਚ ਇਕ ਮਹੱਤਵਪੂਰਣ ਧਾਰਮਿਕ ਕੇਂਦਰ ਬਣ ਗਿਆ। ਭਾਈ ਗੁਰਦਾਸ ਦੁਆਰਾ ਲਿਖਤ ਆਦਿ ਗ੍ਰੰਥ ਦੀ ਪਹਿਲੀ ਬੀੜ ਕਰਤਾਰਪੁਰ ਵਿਖੇ ਹੀ ਧੀਰਮਲੀਏ ਸੋਢੀਆਂ ਦੇ ਪਰਿਵਾਰ ਕੋਲ ਸੰਭਾਲੀ ਹੋਈ ਹੈ।

**ਲਾਹੌਰ ਵਿਖੇ ਬਾਉਲੀ** : ਲਾਹੌਰ ਵਿਚ ਵਸਦੇ ਸਿੱਖਾਂ ਦੀ ਬੇਨਤੀ ਤੇ ਗੁਰੂ ਜੀ ਲਾਹੌਰ ਗਏ। ਉਥੇ ਉਹ ਡੱਬੀ ਬਾਜ਼ਾਰ ਵਿਖੇ ਠਹਿਰੇ ਤੇ ਉਥੇ ਇਕ ਬਾਉਲੀ ਬਣਵਾਈ। ਲਾਹੌਰ ਦੇ ਹਿੰਦੂ ਤੇ ਮੁਸਲਮਾਨ ਫ਼ਕੀਰ ਜਿਨ੍ਹਾਂ ਵਿਚ ਕਾਹਨਾ, ਛੱਜੂ ਤੇ ਸ਼ਾਹ ਹੁਸੈਨ ਸ਼ਾਮਲ ਸਨ, ਗੁਰੂ ਜੀ ਨੂੰ ਉਥੇ ਹੀ ਮਿਲੇ। ਮੈਕਾਲਿਫ ਅਨੁਸਾਰ ਉਸ ਸਮੇਂ ਦਾ ਲਾਹੌਰ ਦਾ ਸੂਬੇਦਾਰ, ਗੁਰੂ ਜੀ ਦੀ ਪਵਿੱਤਰਤਾ ਤੇ ਸੰਤਪੁਣੇ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਬਾਉਲੀ ਦੀ ਖੁਦਵਾਈ ਦਾ ਸਾਰਾ ਖਰਚ ਉਸ ਨੇ ਆਪਣੇ ਸਾਧਨਾਂ ਤੋਂ ਦਿੱਤਾ। 1628 ਈ. ਵਿਚ ਸ਼ਾਹਜਹਾਂ ਦੇ ਹੁਕਮ ਨਾਲ ਇਹ ਬਾਉਲੀ ਨੂੰ ਭਰਵਾ ਦਿੱਤਾ ਗਿਆ ਤੇ ਇਸ ਸਥਾਨ ਤੇ ਇਕ ਮਸਜਿਦ ਬਣਾਈ ਗਈ। ਮਹਾਰਾਜਾ ਰਣਜੀਤ ਸਿੰਘ ਨੇ 1834 ਵਿਚ ਇਸ ਬਾਉਲੀ ਨੂੰ ਦੁਬਾਰਾ ਬਣਵਾਇਆ ਪਰ 1947 ਦੇ ਸੰਪਰਦਾਇਕ ਦੰਗਿਆਂ ਵਿਚ ਇਹ ਦੁਬਾਰਾ ਤਬਾਹ ਹੋ ਗਈ।

## ਮਸੰਦ-ਪ੍ਰਥਾ

'ਮਸੰਦ' ਫਾਰਸੀ ਸ਼ਬਦ 'ਮਸਨਦ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਉੱਚੀ ਪਦਵੀ ਵਾਲੀ ਥਾਂ।ਮਸੰਦ (ਉਪਦੇਸ਼ਕ) ਕਿਉਂਕਿ ਗੁਰੂ ਜੀ ਦੇ ਪ੍ਰਤੀਨਿਧ ਹੁੰਦੇ ਸਨ, ਇਸ ਲਈ ਧਾਰਮਿਕ ਇਕੱਠਾਂ ਵਿਚ ਉਨ੍ਹਾਂ ਨੂੰ ਉੱਚੀ ਥਾਂ ਤੇ ਬਿਠਾਇਆ ਜਾਂਦਾ ਸੀ। ਉਨ੍ਹਾਂ ਨੂੰ ਮਸਨਦ ਜਾਂ ਮਸੰਦ ਕਿਹਾ ਜਾਂਦਾ ਸੀ। ਡਾ. ਹਰੀ ਰਾਮ ਗੁਪਤਾ ਇਸ ਸਿਸਟਮ ਦਾ ਆਰੰਭ ਗੁਰੂ ਅਮਰ ਦਾਸ ਜੀ ਦੇ ਵੇਲੇ ਤੋਂ ਮੰਨਦੇ ਹਨ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਉਪਦੇਸ਼ ਲਈ ਮੰਜੀਆਂ ਦੀ ਸਥਾਪਨਾ ਕੀਤੀ। ਇਸੇ ਤਰ੍ਹਾਂ ਗੁਰੂ ਰਾਮ ਦਾਸ ਨੇ ਅੰਮ੍ਰਿਤਸਰ ਵਿਖੇ ਸਰੋਵਰ ਬਣਾਉਣ ਦੇ ਵੱਡੇ ਕੰਮਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਥਾਵਾਂ ਵਿਚ ਆਪਣੇ ਪ੍ਰਤੀਨਿਧ, ਲੋਕਾਂ ਤੋਂ ਧਨ ਇਕੱਠਾ ਕਰਨ ਲਈ ਭੇਜਣ ਦਾ ਪ੍ਰੋਗਰਾਮ ਬਣਾਇਆ ਜਿਨ੍ਹਾਂ ਨੂੰ 'ਰਾਮਦਾਸੀਏ' ਕਿਹਾ ਜਾਂਦਾ ਹੈ। ਇਹ ਪ੍ਰਤੀਨਿਧ ਅੰਮ੍ਰਿਤਸਰ ਵਿਚ ਆਬਾਦ ਹੋਣ ਵਾਲੇ ਲੋਕਾਂ ਨੂੰ ਦਿੱਤੀਆ ਜਾਣ ਵਾਲੀਆਂ ਸਹੂਲਤਾਂ ਸੰਬੰਧੀ ਸੰਦੇਸ਼ ਵੀ ਲੈ ਕੇ ਜਾਂਦੇ ਸਨ । ਇਸ ਕੰਮ ਲਈ ਪੈਸੇ ਦੀ ਲੋੜ ਸੀ ਤੇ ਲੋਕਾਂ ਨੂੰ ਉੱਥੇ ਆਬਾਦ ਹੋਣ ਲਈ ਉਤਸ਼ਾਹਿਤ ਕਰਨ ਦੀ ਵੀ ਜ਼ਰੂਰਤ ਸੀ। ਤੇਜਾ ਸਿੰਘ ਤੇ ਗੰਡਾ ਸਿੰਘ ਅਨੁਸਾਰ, ਗੁਰੂ ਰਾਮਦਾਸ ਜੀ ਦੇ ਸਮੇਂ ਧਨ ਇਕੱਠਾ ਕਰਨ ਦਾ ਇਹ ਕੰਮ ਪ੍ਰਸਿੱਧ ਧਰਮ ਪ੍ਰਚਾਰਕਾਂ ਨੂੰ ਦਿੱਤਾ ਜਾਂਦਾ ਸੀ ਜਿਨ੍ਹਾਂ ਨੂੰ ਕਿ ਮਸੰਦ ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ

ਜੀ ਦੇ ਸਮੇਂ ਇਸ ਕੰਮ ਵਿਚ ਭਾਰੀ ਵਾਧਾ ਹੋਇਆ ਅਤੇ ਧਨ ਇਕੱਠਾ ਕਰਨ ਦੇ ਕੰਮ ਨੂੰ ਸੰਤੋਖਜਨਕ ਤਰੀਕੇ ਨਾਲ ਜਥੇਬੰਦ ਕਰਨ ਦਾ ਕੰਮ ਹੋਰ ਵੀ ਜ਼ਰੂਰੀ ਹੋ ਗਿਆ ਕਿਉਂਕਿ ਗੁਰੂ ਜੀ ਦਾ ਭਰਾ ਪ੍ਰਿਥੀ ਚੰਦ ਆਪਣੀ ਬਦਨੀਤੀ ਕਾਰਣ ਇਸ ਪੈਸੇ ਵਿਚ ਘਪਲਾ ਕਰਨ ਲਗ ਗਿਆ ਸੀ। ਇਹ ਮਸੰਦ ਨਿਯਮਤ ਤੌਰ ਤੇ ਸਾਲ ਵਿਚ ਦੋ ਵਾਰੀ ਵਿਸਾਖੀ ਤੇ ਦਿਵਾਲੀ ਦੇ ਮੌਕਿਆਂ ਤੇ ਆਪ ਨਿੱਜੀ ਤੌਰ ਤੇ ਗੁਰੂ ਨੂੰ ਸਾਰੀ ਮਾਇਆ ਭੇਂਟ ਕਰਦੇ ਸਨ। ਮਸੰਦ ਗੁਰੂ ਜੀ ਨੂੰ ਜਾਂ ਗੁਰੂ ਜੀ ਵਲੋਂ ਨਿਯਤ ਬੰਦਿਆਂ ਨੂੰ ਆਪਣੀ ਉਗਰਾਹੀ ਦਾ ਹਿਸਾਬ ਦਿੰਦੇ ਸਨ। ਕਈ ਵਾਰ ਮਸੰਦ ਨੂੰ ਗੁਰੂ ਦੇ ਖਜ਼ਾਨੇ ਜਮ੍ਹਾਂ ਕਰਵਾਈ ਰਕਮ ਦੇ ਬਦਲੇ ਰਸੀਦਾਂ ਵੀ ਦਿੱਤੀਆਂ ਜਾਂਦੀਆਂ। ਪਰ ਇਹ ਮਾਇਆ ਦੀ ਭੇਟਾ ਸਿੱਖ ਸਦਾ ਆਪਣੀ ਮਰਜ਼ੀ ਨਾਲ ਦਿੰਦੇ ਸਨ। ਇਸ ਨੂੰ ਕਦੀ ਵੀ ਲਾਜ਼ਮੀ ਨਹੀਂ ਬਣਾਇਆ ਗਿਆ।

ਇਸ ਤਰ੍ਹਾਂ ਅਸੀਂ ਇਹ ਆਖ ਸਕਦੇ ਹਾਂ ਕਿ ਚਾਹੇ ਇਸ ਸੰਸਥਾ ਦਾ ਆਰੰਭ ਅਪ੍ਰਤੱਖ ਰੂਪ ਵਿਚ ਗੁਰੂ ਅਮਰਦਾਸ ਜੀ ਵੇਲੇ ਹੋਇਆ, ਪਰ ਇਸ ਦਾ ਸੁਚਾਰੂ ਰੂਪ ਨਾਲ ਸੰਗਠਨ ਗੁਰੂ ਅਰਜਨ ਦੇਵ ਜੀ ਵੇਲੇ ਹੋਇਆ ਜਿਵੇਂ ਕਿ ਦਬਿਸਤਾਨ-ਏ-ਮਜ਼ਾਹਿਬ ਦੀ ਗਵਾਹੀ ਤੋਂ ਸਪੱਸ਼ਟ ਪ੍ਰਤੀਤ ਹੁੰਦਾ ਹੈ। ਇਸ ਵਿਚ ਪ੍ਰਤੱਖ ਰੂਪ ਵਿਚ ਲਿਖਿਆ ਹੈ ਕਿ ਪੰਜਵੇਂ ਮਹਲ (ਗੁਰੂ) ਤੋਂ ਪਹਿਲਾਂ ਕੋਈ ਭੇਟਾ (offering) ਇਕੱਠੀ ਨਹੀਂ ਸੀ ਕੀਤੀ ਜਾਂਦੀ। ਜੋ ਕੁਝ ਭੇਟਾ ਸਿੱਖਾਂ ਵਲੋਂ ਦਿੱਤੀ ਜਾਂਦੀ ਸੀ ਉਸ ਨੂੰ ਕਾਫੀ ਸਮਝ ਕੇ ਪ੍ਰਵਾਨ ਕਰ ਲਿਆ ਜਾਂਦਾ ਸੀ। ਪਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਪ੍ਰਤੀਨਿਧ ਆਪਣੇ ਸਿੱਖਾਂ ਕੋਲ ਹੋਰ ਸ਼ਹਿਰਾਂ ਵਿਚ ਭੇਜੇ ਤਾਂ ਜੋ ਉਹ ਉਨ੍ਹਾਂ ਕੋਲੋਂ ਭੇਟਾ ਇਕੱਠੀ ਕੀਤੀ ਜਾ ਸਕੇ। ਇਹ ਪ੍ਰਤੀਨਿਧ ਜਾਂ ਏਜੰਟ ਨੂੰ 'ਮਸੰਦ' ਕਿਹਾ ਜਾਂਦਾ ਸੀ।

ਮਸੰਦ, ਗੁਰੂ ਦੇ ਕੰਮਾਂ ਲਈ ਦਿਲ ਖੋਲ ਕੇ ਦਾਨ ਦੇਣ ਲਈ ਸਿੱਖਾਂ ਨੂੰ ਤਿਆਰ ਕਰਦੇ ਸਨ ਤੇ ਠੀਕ ਤਰੀਕੇ ਨਾਲ ਕੰਮ ਲਈ ਮਾਇਆ ਇਕੱਠੀ ਕਰਦੇ ਸਨ, ਪਰੰਤੂ ਸਿੱਖ ਆਪਣੀ ਮਰਜ਼ੀ ਨਾਲ ਦਾਨ ਦੇਣ ਲਈ ਆਜ਼ਾਦ ਸਨ। ਭਾਵੇਂ ਉਹ ਦੇਣ ਜਾਂ ਨਾ ਦੇਣ, ਕਿਸੇ ਨੂੰ ਮਜ਼ਬੂਰ ਨਹੀਂ ਸੀ ਕੀਤਾ ਜਾਂਦਾ। ਹਰ ਕੋਈ ਆਪਣੀ ਸ਼ਰਧਾ ਅਨੁਸਾਰ ਉਂਜ ਹੀ ਬਥੇਰਾ ਦੇ ਦਿੰਦਾ ਸੀ।

ਇਤਿਹਾਸਕਾਰਾਂ ਵਲੋਂ ਮਸੰਦ ਪ੍ਰਥਾ ਦਾ ਜਾਇਜ਼ਾ ਕਈ ਪੱਖਾਂ ਤੋਂ ਲਿਆ ਗਿਆ ਹੈ। ਕਈਆਂ ਨੇ ਇਸ ਤਰ੍ਹਾਂ ਧਨ ਇਕੱਠਾ ਕਰਨ ਤੇ ਗਲਤ ਅਰਥ ਕੱਢੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਧਨ ਕੇਵਲ ਸਮਾਜ ਭਲਾਈ ਦੇ ਕੰਮਾਂ ਲਈ ਹੀ ਨਹੀਂ ਸਗੋਂ ਸਿੱਖਾਂ ਦੇ ਧਾਰਮਿਕ ਤੇ ਸਮਾਜਿਕ ਅੰਦੋਲਨ ਨੂੰ ਇਕ ਰਾਜਨੀਤਿਕ ਸ਼ਕਤੀ ਬਣਾਉਣ ਲਈ ਜਾਂ ਸਿੱਖ ਸਮਾਜ ਨੂੰ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਾਉਣ ਦੇ ਸਮਰੱਥ ਕਰਨ ਲਈ ਇਕੱਠਾ ਕੀਤਾ ਜਾਂਦਾ ਸੀ। ਉਹ ਗੁਰੂ ਨੂੰ ਰਾਜਾ ਸਮਝਦੇ ਸਨ ਅਤੇ ਉਨ੍ਹਾਂ ਨੇ ਮਸੰਦ ਨੂੰ ਸ਼ਹਿਨਸ਼ਾਹ ਦੇ ਮਸਨਦ-ਏ-ਅਲੀ (ਮੁਗਲ ਗਵਰਨਰ) ਦਾ ਰੂਪ ਸਮਝਦੇ ਸਨ ਤੇ ਇਹ ਸਿੱਖ ਸ਼ਕਤੀ ਦੇ ਵਾਧੇ ਦਾ ਇਕ ਹੋਰ ਸਬੂਤ ਸੀ। ਜਦੋਂ ਗੁਰੂ ਸੱਚਾ ਪਾਤਸ਼ਾਹ ਬਣ ਗਿਆ ਤਾਂ ਉਸ ਦੇ ਵਾਇਸਰਾਏ (ਪ੍ਰਤੀਨਿਧ) ਮਸੰਦ ਬਣ ਗਏ। ਉਹ ਅੱਗੇ ਲਿਖਦੇ ਹਨ ਕਿ ਲਾਜ਼ਮੀ ਧਨ ਇਕੱਠਾ ਕਰਨ ਨਾਲ ਗੁਰੂ ਸਾਹਿਬ ਆਪਣਾ ਬਜਟ ਹੁਣ ਵਧੇਰੇ ਨਿਸ਼ਚਿਤ ਰੂਪ ਨਾਲ ਬਣਾ ਸਕਦੇ ਸਨ ਕਿਉਂਕਿ ਗੁਰੂ ਦਾ ਹਿੱਸਾ ਮੁਗਲਾਂ ਦੇ ਮਾਲੀਏ ਤੋਂ ਵੀ ਵੱਧ ਬਕਾਇਦਗੀ ਨਾਲ ਤੇ ਤੇਜ਼ੀ ਨਾਲ ਪਹੁੰਚਦਾ ਸੀ।

ਸ਼ਾਇਦ ਅਜਿਹੇ ਲੇਖਕ ਗੁਰੂ ਜੀ ਦੀਆਂ ਆਰਥਿਕ ਲੋੜਾਂ ਨੂੰ ਨਹੀਂ ਸਮਝ ਸਕੇ। ਗੁਰੂ ਜੀ ਸਰੋਵਰ ਬਣਾ ਰਹੇ ਸਨ, ਸ਼ਹਿਰ ਵਸਾ ਰਹੇ ਸਨ, ਪ੍ਰਚਾਰ ਕੇਂਦਰ, ਕੋੜ੍ਹੀਆਂ ਲਈ ਆਸ਼ਰਮ ਬਣਵਾ ਰਹੇ ਸਨ ਤੇ ਲੰਗਰ ਵਿਚ ਹਜ਼ਾਰਾਂ ਵਿਅਕਤੀਆਂ ਨੂੰ ਭੋਜਨ ਮੁਹੱਈਆ ਕਰ ਰਹੇ ਸਨ। ਇਨ੍ਹਾਂ ਕੰਮਾਂ ਲਈ ਬੇਅੰਤ ਮਾਇਆ ਦੀ ਲੋੜ ਸੀ। ਸਿੱਖਾਂ ਵਲੋਂ ਮਰਜ਼ੀ ਨਾਲ ਗੁਰੂ ਨੂੰ ਭੇਟਾ ਦੇ ਕੰਮ ਨੂੰ, ਗੁਰੂ ਅਰਜਨ ਦੇਵ

ਜੀ ਦੁਆਰਾ ਮੁਗਲ ਰਾਜ ਦੇ ਅੰਦਰ ਆਪਣਾ ਰਾਜ ਸਥਾਪਿਤ ਕਰਨ ਦਾ ਯਤਨ ਦੱਸਣਾ ਇਕ ਭਾਰੀ ਇਤਿਹਾਸਕ ਉਕਾਈ ਤੇ ਇਤਿਹਾਸਕ ਸਥਿਤੀ ਨੂੰ ਨਾ ਕੇਵਲ ਨਾ ਸਮਝਣਾ ਹੈ, ਸਗੋਂ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਮਿਸ਼ਨ ਪ੍ਰਤੀ ਅਗਿਆਨਤਾ ਦਾ ਸਬੂਤ ਹੈ।

ਦਬਿਸਤਾਨ ਨੇ ਮਜ਼ਾਹਿਬ ਵਿਚ ਅਰਦਿਸਤਾਨੀ ਦਸਵੰਦ ਲਈ ਠੀਕ ਸ਼ਬਦ 'ਭੇਟ' ਅਤੇ 'ਨਜ਼ਰ' ਵਰਤਦਾ ਹੈ ਪਰ ਗਲਤ ਸਮਾਨਾਰਥਕ 'ਬਾਜ' ਵਰਤਦਾ ਹੈ ਜੋ ਤੇਜਾ ਸਿੰਘ ਤੇ ਗੰਡਾ ਸਿੰਘ ਅਨੁਸਾਰ ਉਸ ਭੁਲੇਖੇ ਦੇ ਸ਼ਿਕਾਰ ਹੋਏ ਲਿਖਾਰੀਆਂ ਦਾ ਕੰਮ ਹੈ ਜੋ ਬਾਅਦ ਦੇ ਗੁਰੂਆਂ ਦੇ ਧਾਰਮਿਕ ਕੰਮਾਂ ਵਿਚ ਰਾਜਨੀਤਿਕ ਉਦੇਸ਼ਾਂ ਦੀ ਝਲਕ ਲੱਭਦੇ ਹਨ। ਦਬਿਸਤਾਨ ਦੇ ਆਧਾਰ ਤੇ ਹੀ ਕਨਿੰਘਮ ਇਥੋਂ ਤੱਕ ਕਹਿ ਦਿੰਦਾ ਹੈ ਕਿ ਸਿੱਖ ਪੱਕੀ ਸਰਕਾਰ ਦੇ ਆਦੀ ਹੋ ਗਏ ਸਨ। ਪਰ ਦਬਿਸਤਾਨ ਵਿਚ ਅਜਿਹੀ ਕੋਈ ਗੱਲ ਨਹੀਂ ਮਿਲਦੀ। ਬਾਅਦ ਦੇ ਲਿਖਾਰੀ ਥੋੜ੍ਹੇ ਫ਼ਰਕ ਨਾਲ ਕਨਿੰਘਮ ਦੀ ਗੱਲ ਦੁਹਰਾਉਂਦੇ ਹਨ ਕਿ ਸਿੱਖ ਹੌਲੀ-ਹੌਲੀ ਇਕ ਕਿਸਮ ਦੀ ਆਪਣੀ ਹੀ ਸਰਕਾਰ ਦੇ ਅਧੀਨ ਹੋ ਗਏ ਅਤੇ ਆਪਣੇ ਆਪ ਨੂੰ ਇਕ ਜਥੇਬੰਦ ਰਾਜਨੀਤਿਕ ਸ਼ਕਤੀ ਸਮਝਣ ਲੱਗੇ। ਇਹ ਹੀ ਰਾਏ ਮੁਹੰਮਦ ਲਤੀਫ, ਗੋਕਲ ਚੰਦ ਨਾਰੰਗ ਅਤੇ ਇੰਦੂ ਭੂਸ਼ਣ ਬੈਨਰਜੀ ਨੇ ਪ੍ਰਗਟ ਕੀਤੀ। ਕਮਾਲ ਇਹ ਹੈ ਕਿ ਇਹ ਸਾਰੇ ਹੀ ਦਬਿਸਤਾਨ ਨੂੰ ਇਸ ਦਾ ਆਧਾਰ ਬਣਾਉਂਦੇ ਹਨ ਜਦੋਂ ਕਿ ਉਸ ਵਿਚ ਇਸ ਦੋਸ਼ ਬਾਰੇ ਕੋਈ ਗਵਾਈ ਨਹੀਂ ਮਿਲਦੀ।

ਮੂਲ ਪਾਠ ਇਸ ਤਰ੍ਹਾਂ ਹੈ, "ਮਸੰਦ ਦੇ ਰਾਹੀ ਲੋਕ ਗੁਰੂ ਦੇ ਸਿੱਖ ਬਣ ਗਏ। ਉਨ੍ਹਾਂ ਆਪਣੇ ਨਾਇਬ ਨਿਯੁਕਤ ਕੀਤੇ। ਇਥੋਂ ਤੱਕ ਕਿ ਹਰ ਸਥਾਨ ਤੇ ਹਰ ਜ਼ਿਲ੍ਹੇ ਵਿਚ ਮਸੰਦਾਂ ਦੇ ਨਾਇਬ (ਉਪ ਪ੍ਰਤੀਨਿਧਾਂ) ਰਾਹੀਂ ਉਨ੍ਹਾਂ ਦੇ ਸਹਿਯੋਗੀ ਗੁਰੂ ਦੇ ਸਿੱਖ ਬਣੇ।" ਤੇਜਾ ਸਿੰਘ ਅਨੁਸਾਰ, "ਸ਼ੀਆ ਟਰਾਇਅਰ ਦੁਆਰਾ ਇਸ ਪੈਰੇ ਦਾ ਗਲਤ ਤਰਜਮਾ ਕਰਨ ਦੇ ਕਾਰਨ ਸਮੱਸਿਆ ਸ਼ੁਰੂ ਹੋਈ। ਕਨਿੰਘਮ ਨੇ ਵੀ ਇਸੇ ਦੀ ਨਕਲ ਕੀਤੀ ਤੇ ਅੰਨ੍ਹੇਵਾਹ ਬਿਨਾਂ ਪੜਤਾਲ ਦੇ ਹੋਰ ਵੀ ਇਹੋ ਲਿਖਦੇ ਰਹੇ।"

ਇਹ ਸੋਚਣਾ ਜਾਂ ਕਹਿਣਾ ਗਲਤ ਹੈ ਕਿ ਉਹ ਹੀ ਗੁਰੂ ਦਾ ਸਿੱਖ ਬਣ ਸਕਦਾ ਸੀ ਜੋ ਗੁਰੂ ਲਈ ਧਨ ਦਿੰਦਾ ਸੀ ਅਤੇ ਇਹ ਕਹਿਣਾ ਹੋਰ ਵੀ ਘਟੀਆ ਲਗਦਾ ਹੈ ਕਿ ਸਿੱਖਾਂ ਨੇ ਮੁਗਲ ਰਾਜ ਵਿਚ ਹੀ ਆਪਣੀ ਇਕ ਸਰਕਾਰ ਬਣਾ ਲਈ ਸੀ। ਇਹ ਇਤਿਹਾਸਕ ਤੌਰ ਤੇ ਮੰਨਣ ਯੋਗ ਨਹੀਂ ਹੈ। ਮੁਗਲ ਦੇਸ਼ ਦੇ ਸ਼ਕਤੀਸ਼ਾਲੀ ਸ਼ਾਸਕ ਸਨ ਤੇ ਉਹ ਦੇਸ਼ ਤੇ ਸਖਤੀ ਨਾਲ ਰਾਜ ਕਰਦੇ ਸਨ। ਉਹ ਕਦੇ ਵੀ ਮੁਕਾਬਲੇ ਵਿਚ ਸਰਕਾਰ ਬਣਾਉਣ ਦੀ ਇਜਾਜ਼ਤ ਨਹੀਂ ਸਨ ਦੇ ਸਕਦੇ, ਨਾ ਹੀ ਉਹ ਕਿਸੇ ਨੂੰ ਲੋਕਾਂ ਪਾਸੋਂ ਜ਼ਬਰਦਸਤੀ ਕਰ ਇਕੱਠਾ ਕਰਨ ਦੀ ਆਗਿਆ ਦੇ ਸਕਦੇ ਸਨ। ਕੋਈ ਵੀ ਸਰਕਾਰ ਅਜਿਹਾ ਬਰਦਾਸ਼ਤ ਨਹੀਂ ਕਰ ਸਕਦੀ। ਨਾ ਹੀ ਬਰਤਾਨੀਆਂ ਸਰਕਾਰ ਨੇ ਨਾ ਹੀ ਮੁਗਲ ਸਰਕਾਰ ਜ਼ਬਰਦਸਤੀ ਧਨ ਇਕੱਠਾ ਕਰਨ ਨੂੰ ਅੱਖੋਂ ਪਰੋਖੇ ਕਰ ਸਕਦੀ ਸੀ। ਮੁਗਲ ਸਰਕਾਰ ਨੇ ਮਸੰਦਾਂ ਦੇ ਕੰਮਾਂ ਤੇ ਆਪਣੀ ਉਂਗਲ ਤੱਕ ਨਾ ਉਠਾਈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਮਸੰਦਾਂ ਦੁਆਰਾ ਲੋਕਾਂ ਵਲੋਂ ਸ੍ਵੈ-ਇੱਛਾ ਨਾਲ ਦਿੱਤਾ ਦਾਨ ਇਕੱਠਾ ਕਰਨਾ ਤੇ ਗੁਰੂ ਦੇ ਖਜ਼ਾਨੇ ਵਿਚ ਜਮ੍ਹਾਂ ਕਰਵਾਉਣ ਵਿਚ ਕੋਈ ਇਤਰਾਜ ਯੋਗ ਗੱਲ ਨਹੀਂ ਜਾਪਦੀ।

ਦਬਿਸਤਾਨ ਅਨੁਸਾਰ ਨਿਸ਼ਚਿਤ ਮੌਕਿਆਂ ਤੇ ਮਸੰਦ ਦਸਵੰਧ ਇਕੱਠਾ ਕਰਕੇ ਗੁਰੂ ਕੋਲ ਆਉਂਦੇ ਸਨ ਤੇ ਮਸੰਦਾਂ ਦੇ ਨਾਲ, ਜੋ ਕੋਈ ਵੀ ਉਨ੍ਹਾਂ ਦੀ ਸੰਗਤ ਵਿੱਚੋਂ ਚਾਹੁੰਦਾ ਤੇ ਯਾਤਰਾ ਕਰਨ ਦੇ ਯੋਗ ਹੁੰਦਾ, ਗੁਰੂ ਦੇ ਦਰਸ਼ਨਾਂ ਲਈ ਆ ਸਕਦਾ ਸੀ। ਗੁਰੂ ਤੋਂ ਵਿਦਾ ਹੋਣ ਵੇਲੇ ਹਰ ਇਕ ਮਸੰਦ ਨੂੰ ਗੁਰੂ ਜੀ ਸਿਰੋਪਾ ਭੇਟ ਕਰਦੇ ਸਨ।

ਜਿਥੇ ਕਿਤੇ ਮਸੰਦ ਦਸਵੰਧ ਇਕੱਠਾ ਕਰਨ ਤੇ ਧਰਮ ਦਾ ਪ੍ਰਚਾਰ ਕਰਨ ਹਿੱਤ ਪੂਰੇ ਇਲਾਕੇ ਵਿਚ ਨਾ ਪਹੁੰਚ ਸਕਦਾ ਉਹ ਆਪਣੀ ਮਦਦ ਤੇ ਆਪਣੇ ਕੰਮ ਦੀ ਪੂਰਤੀ ਹਿੱਤ ਆਪਣੇ ਨਾਇਬ (ਉਪ-ਪ੍ਰਤੀਨਿਧ) ਨਿਯੁਕਤ ਕਰ ਸਕਦਾ ਸੀ ਕਿਉਂਕਿ ਇਹ ਮਸੰਦ ਗੁਰੂ ਦੇ ਪ੍ਰਤੀਨਿਧ ਹੁੰਦੇ ਸਨ। ਇਸ ਲਈ ਲੋਕਾਂ ਵਲੋਂ ਇਨ੍ਹਾਂ ਦਾ ਬਹੁਤ ਹੀ ਆਦਰ ਸਤਿਕਾਰ ਕੀਤਾ ਜਾਦਾ ਸੀ। ਲੋਕ ਆਪਸੀ ਝਗੜੇ ਵੀ ਮਸੰਦਾਂ ਕੋਲੋਂ ਨਿਪਟਾ ਲੈਂਦੇ ਸਨ। ਮਸੰਦ ਪ੍ਰਥਾ ਨੇ ਲੋਕਾਂ ਨੂੰ ਗੁਰੂ ਨਾਲ ਜੋੜੀ ਰੱਖਿਆ। ਮਸੰਦ ਗੁਰੂ ਸਾਹਿਬ ਦੇ ਉਪਦੇਸ਼ ਦੂਰ-ਦੂਰ ਥਾਵਾਂ ਤੱਕ ਲੈ ਗਏ।

ਇਕੱਠੇ ਕੀਤੇ ਧਨ ਦੀ ਮਦਦ ਨਾਲ ਗੁਰੂ ਜੀ ਆਪਣੇ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰ ਸਕੇ ਅਤੇ ਸਿੱਖ ਧਰਮ ਹੋਰ ਮਜ਼ਬੂਤੀ ਪ੍ਰਦਾਨ ਕਰ ਸਕੇ।

ਸਮੇਂ ਦੇ ਬੀਤਣ ਨਾਲ ਇਸ ਪ੍ਰਥਾ ਵਿਚ ਹੇਰਾਫੇਰੀ ਤੇ ਗਿਰਾਵਟ ਆ ਗਈ ਤੇ ਜਿਸ ਮੰਤਵ ਲਈ ਇਹ ਬਣਾਈ ਗਈ ਸੀ ਉਹ ਮੰਤਵ ਹੀ ਬੇਕਾਰ ਕਰ ਦਿੱਤਾ ਅਤੇ ਇਸੇ ਕਾਰਣ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਨੂੰ ਬੰਦ ਕਰ ਦਿੱਤਾ।

## ਵਪਾਰ ਨੂੰ ਉਤਸ਼ਾਹ

ਸਿੱਖ ਸਮਾਜ ਦੀ ਉੱਨਤੀ ਲਈ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦਾ ਧਿਆਨ ਦਸਤਕਾਰੀ ਅਤੇ ਵਪਾਰ ਵਲ ਦਿਵਾਇਆ। ਇੰਦੂ ਭੂਸ਼ਨ ਬੈਨਰਜੀ ਦੇ ਮੱਤ ਅਨੁਸਾਰ ਗੁਰੂ ਜੀ ਨੇ ਸਿੱਖਾਂ ਨੂੰ ਵਪਾਰ ਵੱਲ ਉਤਸ਼ਾਹਤ ਕੀਤਾ। ਇਸ ਤਰ੍ਹਾਂ ਸਿੱਖ ਧਰਮ ਗ੍ਰਹਿਸਤੀਆਂ ਦਾ ਧਰਮ ਹੈ ਇਸ ਲਈ ਗੁਰੂ ਸਾਹਿਬ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰਨ। ਇਸ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਅੰਦਰੂਨੀ ਅਤੇ ਅੰਤਰ-ਰਾਸ਼ਟਰੀ ਵਪਾਰ ਕਰਨ ਲਈ ਪ੍ਰੇਰਣਾ ਦਿੱਤੀ।

ਗੁਰੂ ਸਾਹਿਬ ਨੂੰ ਸਿੱਖਾਂ ਨੂੰ ਬਾਹਰਲੇ ਮੁਲਕਾਂ ਵਿਚ ਘੋੜਿਆਂ ਦਾ ਵਪਾਰ ਕਰਨ ਲਈ ਇਸ ਲਈ ਭੇਜਿਆ ਕਿ ਉਹ ਵਪਾਰ ਵਿਚ ਵੀ ਇੰਨੇ ਨਿਪੁੰਨ ਹੋ ਜਾਣ ਜਿੰਨੇ ਉਹ ਧਰਮ ਵਿਚ ਪੱਕੇ ਹਨ। ਗੋਕਲ ਚੰਦ ਨਾਰੰਗ ਅਨੁਸਾਰ ਚਾਹੇ ਘੋੜਿਆਂ ਦੇ ਵਪਾਰ ਵਾਲਾ ਕੰਮ ਓਪਰੀ ਨਜ਼ਰੇ ਸਾਧਾਰਣ ਮਾਲੂਮ ਹੁੰਦਾ ਹੋਵੇ ਪਰ ਇਸ ਕੰਮ ਨੇ ਸਿੱਖਾਂ ਦੀ ਇਸ ਸੰਸਥਾ ਨੂੰ ਬਹੁਤ ਉੱਨਤ ਕੀਤਾ। ਨਿਰਸੰਦੇਹ ਘੋੜਿਆਂ ਦਾ ਵਪਾਰ ਸਿੱਖਾਂ ਲਈ ਲਾਭਦਾਇਕ ਸਾਬਤ ਹੋਇਆ। ਸਭ ਤੋਂ ਪਹਿਲਾਂ ਘੋੜਿਆਂ ਦੀ ਤਜ਼ਾਰਤ ਨੇ ਜਾਤ-ਪਾਤ ਦੇ ਸਿਸਟਮ ਤੇ ਭਾਰੀ ਸੱਟ ਮਾਰੀ। ਹਿੰਦੂ ਧਰਮ ਵਿਚ ਦਰਿਆ ਸਿੰਧ ਨੂੰ ਪਾਰ ਕਰਕੇ ਬਾਹਰਲੇ ਮੁਲਕਾਂ ਵਿਚ ਜਾਣ ਦੀ ਆਗਿਆ ਨਹੀਂ ਸੀ। ਪਰ ਸਿੱਖਾਂ ਨੇ ਦੂਜੇ ਦੇਸ਼ਾਂ ਵਿਚ ਜਾ ਕੇ ਵਹਿਮ ਪ੍ਰਸਤੀ ਦਾ ਅੰਤ ਕਰਨ ਦਾ ਯਤਨ ਕੀਤਾ।

ਇਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਆਚਰਣ ਅਤੇ ਵਿਸ਼ਵਾਸ ਵਿਚ ਪਕਿਆਈ ਆਈ ਕਿਉਂਕਿ ਸਿੰਧ ਪਾਰ ਇਲਾਕਿਆਂ ਵਿਚ ਜੋ ਕੱਟੜ ਮੁਸਲਮਾਨੀ ਇਲਾਕੇ ਸਨ ਜਿਥੇ ਹੋਰ ਧਰਮ ਵਾਲਿਆਂ ਲਈ ਆਪਣੇ ਧਰਮ ਵਿਚ ਪੱਕਿਆਂ ਰਹਿਣਾ ਆਸਾਨ ਨਹੀਂ ਸੀ ਤੇ ਆਚਰਣ ਵਾਲਾ ਮਨੁੱਖ ਹੀ ਆਪਣੇ ਧਰਮ ਅਤੇ ਵਿਸ਼ਵਾਸ ਤੇ ਡਟ ਸਕਦਾ ਸੀ।

ਦੂਜੇ, ਉਸ ਸਮੇਂ ਘੋੜਿਆਂ ਦੀ ਤਜ਼ਾਰਤ ਬਹੁਤ ਮੁਨਾਫੇ ਵਾਲੀ ਸੀ ਤੇ ਇਸ ਲਈ ਸਿੱਖ ਅਮੀਰ ਹੋ ਗਏ। ਸਿੱਖਾਂ ਕੋਲ ਪੈਸਾ ਆਉਣ ਨਾਲ ਦਸਵੰਦ ਦੀ ਰਕਮ ਵਿਚ ਵੀ ਵਾਧਾ ਹੋਇਆ ਜਿਸ ਨਾਲ ਸਾਂਝੇ ਕੌਮੀ ਫੰਡ ਵਿਚ ਵੀ ਵਾਧਾ ਹੋਇਆ।

ਤੀਜੇ, ਵਪਾਰ ਨਾਲ ਸਿੱਖਾਂ ਨੂੰ ਚੰਗੇ ਘੋੜਿਆਂ ਦੀ ਪਰਖ ਹੋ ਗਈ ਅਤੇ ਉਨ੍ਹਾਂ ਨੂੰ ਘੋੜ ਸਵਾਰੀ ਦਾ

ਸਵਾਦ ਪੈ ਗਿਆ। ਸਿੱਟੇ ਵਜੋਂ ਇਸ ਤਜ਼ਾਰਤ ਨੇ ਆਉਣ ਵਾਲੀ ਸਿੱਖ ਫੌਜ ਦੀ ਨੀਂਹ ਰੱਖੀ।

## ਧਾਰਮਿਕ ਪ੍ਰਚਾਰ

ਗੁਰੂ ਅਰਜਨ ਦੇਵ ਜੀ ਦਾ ਈਰਖਾਲੂ ਭਰਾ ਪ੍ਰਿਥੀ ਚੰਦ ਲਗਾਤਾਰ ਉਨ੍ਹਾਂ ਨੂੰ ਤੰਗ ਕਰਦਾ ਰਿਹਾ। ਨਤੀਜੇ ਵਜੋਂ ਗੁਰੂ ਜੀ ਨੇ ਥੋੜ੍ਹੇ ਸਮੇਂ ਲਈ ਅੰਮ੍ਰਿਤਸਰ ਛੱਡਣ ਦਾ ਫੈਸਲਾ ਕੀਤਾ ਤੇ ਬਿਆਸ ਦੇ ਵਿਚਕਾਰ ਮਾਝੇ ਵੱਲ ਨਿਕਲ ਗਏ। ਉਹ ਸਭ ਤੋਂ ਪਹਿਲਾਂ ਖਡੂਰ ਅਤੇ ਗੋਇੰਦਵਾਲ ਗਏ ਤੇ ਉਸ ਤੋਂ ਬਾਅਦ ਸਰਹਾਲੀ ਪਿੰਡ ਅੱਪੜੇ। ਇਕ ਸ਼ਰਧਾਲੂ ਸਿੱਖ ਦੇ ਬੁਲਾਉਣ ਤੇ ਆਪ ਭੈਣੀ ਪਿੰਡ ਗਏ ਜਿਥੇ ਇਕ ਸ਼ਰਧਾਲੂ ਸਿੱਖ ਦੀ ਪਤਨੀ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਇਸ ਪਿੰਡ ਦਾ ਨਾਂ ਬਦਲ ਕੇ ਚੋਲ੍ਹਾ ਰੱਖ ਦਿੱਤਾ ਜਿਸ ਦਾ ਅਰਥ ਹੈ ਸਵਾਦੀ ਭੋਜਨ। ਨਾਂ ਦੀ ਤਬਦੀਲੀ ਉਸ ਸਮੇਂ ਦੇ ਸਰਕਾਰੀ ਰਿਕਾਰਡ ਵਿਚ ਵੀ ਕਰਾ ਦਿੱਤੀ ਗਈ। ਇਸ ਤੋਂ ਬਾਅਦ ਗੁਰੂ ਪਿੰਡ ਖਾਨਪੁਰ ਵਿਚ ਗਏ ਅਤੇ ਇਕ ਸ਼ਰਧਾਲੂ ਸਿੱਖ ਹੇਮੇ ਦੇ ਘਰ ਠਹਿਰੇ। ਗੁਰੂ ਦੇ ਨਾਲ ਪੰਜ ਸਿੱਖ ਵੀ ਸਨ ਜਿਨ੍ਹਾਂ ਵਿਚ ਭਾਈ ਬਿਧੀ ਚੰਦ ਅਤੇ ਭਾਈ ਗੁਰਦਾਸ ਵੀ ਸਨ। ਇਥੋਂ ਗੁਰੂ ਜੀ ਪਿੰਡ ਖਾਰਾ ਵਿਚ ਅਪੜੇ ਜਿਥੇ ਇਕ ਸ਼ਾਨਦਾਰ ਸਵਾਗਤ ਕੀਤਾ ਅਤੇ ਉਸ ਦੀ ਮਦਦ ਨਾਲ ਗੁਰੂ ਨੇ ਪਿੰਡ ਵਾਸੀਆਂ ਤੋਂ ਉਸ ਪਿੰਡ ਦੀ ਕੁਝ ਜ਼ਮੀਨ ਪ੍ਰਾਪਤ ਕੀਤੀ ਤੇ ਉਥੇ ਤਰਨਤਾਰਨ ਸ਼ਹਿਰ ਦੀ ਨੀਂਹ ਰੱਖੀ ਅਤੇ ਇਕ ਪਵਿੱਤਰ ਸਰੋਵਰ ਬਣਾਇਆ।

ਫੇਰ ਗੁਰੂ ਜੀ ਦੁਆਬੇ ਵਿਚ ਗਏ ਤੇ ਜਲੰਧਰ ਤੋਂ ਅੱਠ ਨੌ ਮੀਲ ਦੀ ਦੂਰੀ ਤੇ ਕਰਤਾਰਪੁਰ ਵਸਾਇਆ। ਅੰਮ੍ਰਿਤਸਰ ਤੇ ਤਰਨਤਾਰਨ ਪਹਿਲਾਂ ਹੀ ਸਿੱਖਾਂ ਦੇ ਪ੍ਰਚਾਰ ਦੇ ਮਹੱਤਵਪੂਰਣ ਕੇਂਦਰ ਬਣ ਚੁੱਕੇ ਸਨ ਜੋ ਮਾਝੇ ਵਿਚ ਸਨ ਤੇ ਹੁਣ ਦੁਆਬੇ ਦੇ ਇਲਾਕੇ ਵਿਚ ਇਸੇ ਮੰਤਵ ਲਈ ਕਰਤਾਰਪੁਰ ਵਸਾਇਆ ਗਿਆ।

ਆਪਣੀ ਇਕ ਹੋਰ ਯਾਤਰਾ ਸਮੇਂ ਗੁਰੂ ਜੀ ਲਾਹੌਰ ਤੇ ਗੁਰੂ ਨਾਨਕ ਦੇਵ ਜੀ ਦੀ ਜਨਮ-ਧਰਤੀ ਨਨਕਾਣਾ ਸਾਹਿਬ ਗਏ। ਨਨਕਾਣੇ ਤੋਂ ਗੁਰੂ ਜੀ ਆਸ-ਪਾਸ ਦੇ ਇਲਾਕੇ ਵਿਚ ਗਏ ਜਿਨ੍ਹਾਂ ਵਿਚ ਪਿੰਡ ਮਦਾਰ, ਜੁੰਬਾ ਤੇ ਚੁਨੀਆਂ ਸ਼ਾਮਲ ਸਨ। ਇਸ ਤਰ੍ਹਾਂ ਗੁਰੂ ਆਪਣੇ ਚੇਲਿਆਂ ਨਾਲ ਸਿੱਧਾ ਸੰਬੰਧ ਕਾਇਮ ਕਰ ਸਕੇ। ਜਿਥੇ ਕਿਤੇ ਵੀ ਉਹ ਗਏ ਉਥੇ ਉਨ੍ਹਾਂ ਸਿੱਖੀ ਦਾ ਉਪਦੇਸ਼ ਦਿੱਤਾ ਤੇ ਨਤੀਜੇ ਵਜੋਂ ਲੋਕ ਸਿੱਖ ਧਰਮ ਅਪਣਾਉਂਦੇ ਗਏ।

## ਆਦਿ ਗ੍ਰੰਥ ਦੀ ਸਥਾਪਨਾ

ਆਦਿ ਗ੍ਰੰਥ ਦੀ 1604 ਵਿਚ ਸਥਾਪਨਾ ਪੂਰੀ ਕਰਨਾ ਗੁਰੂ ਜੀ ਵਲੋਂ ਕੀਤਾ ਇਕ ਸ਼ਾਨਦਾਰ ਤੇ ਯਾਦਗਾਰੀ ਕੰਮ ਸੀ। ਇਹ ਵੀ ਅਸਲ ਵਿਚ ਉਨ੍ਹਾਂ ਦੇ ਜੀਵਨ ਦੀ ਮਹਾਨ ਪ੍ਰਾਪਤੀ ਹੈ। (ਪਾਠ ਨੰਬਰ 8 ਆਦਿ ਗ੍ਰੰਥ ਦੇ ਵੱਖ-ਵੱਖ ਪੱਖਾਂ ਤੇ ਹੀ ਲਿਖਿਆ ਗਿਆ ਹੈ ਇਸ ਲਈ ਇਥੇ ਬਹੁਤ ਵਿਸਥਾਰ ਵਿਚ ਜਾਣਕਾਰੀ ਨਹੀਂ ਦਿੱਤੀ ਜਾ ਰਹੀ) ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਸਦੇ ਹੋਏ ਖੁਸ਼ਵੰਤ ਸਿੰਘ ਲਿਖਦੇ ਹਨ ਕਿ ਆਦਿ ਗ੍ਰੰਥ ਇਕ ਬੇਮਿਸਾਲ ਦਸਤਾਵੇਜ਼ ਹੈ। ਸ਼ਾਇਦ ਇਹ ਹੀ ਆਪਣੀ ਕਿਸਮ ਦੀ ਇਕ ਲਿਖਤ ਹੈ ਜਿਸ ਦੀ ਹਰ ਲਗ-ਮਾਤਰਾ ਨੂੰ ਉਸੇ ਤਰ੍ਹਾਂ ਸੰਭਾਲਿਆ ਗਿਆ ਹੈ ਜਿਵੇਂ ਕਿ ਧਾਰਮਿਕ ਮਹਾਂਪੁਰਖਾਂ ਨੇ ਇਨ੍ਹਾਂ ਲਿਖਤਾਂ ਨੂੰ ਛੱਡਿਆ ਸੀ ਭਾਵ ਇਹ ਕਿ ਲਿੱਪੀ ਵਿਚ ਕਦੇ ਵੀ ਸੋਧ ਨਹੀਂ ਕੀਤੀ ਗਈ। ਇਸ ਦਾ ਉਹ ਹੀ ਰੂਪ ਹੁਣ ਤੀਕ ਕਾਇਮ ਤੁਰਿਆ ਆ ਰਿਹਾ ਹੈ। ਪਰ ਆਦਿ ਗ੍ਰੰਥ ਦਾ ਸਰੂਪ ਹਿੰਦੂਆਂ ਦੇ ਮੰਦਰ ਦੀ ਮੂਰਤੀ ਤੇ ਗਿਰਜੇ ਵਿਚ ਈਸਾਈਆਂ ਦੇ ਕਰਾਸ ਵਰਗਾ ਨਹੀਂ

ਹੈ। ਇਹ ਪ੍ਰਾਰਥਨਾ ਤੇ ਪੂਜਾ ਲਈ ਚਿੰਨ੍ਹ ਨਹੀਂ ਹੈ ਸਗੋਂ ਸਾਧਨ ਹੈ। ਸਿੱਖ ਇਸ ਦੀ ਪੂਜਾ ਕਰਦੇ ਹਨ ਕਿਉਂਕਿ ਇਸ ਵਿਚ ਉਨ੍ਹਾਂ ਦੇ ਗੁਰੂਆਂ ਦੇ ਉਪਦੇਸ਼ ਹਨ।

## ਸਮਾਜਿਕ ਸੁਧਾਰ

ਗੁਰੂ ਅਰਜਨ ਦੇਵ ਜੀ ਗੁਰੂ ਕਾਲ ਵਿਚ ਸੰਗਤ ਉਤੇ ਪੰਗਤ ਤੇ ਬਹੁਤ ਜ਼ੋਰ ਦਿੱਤਾ ਗਿਆ। ਗੁਰੂ ਛੂਤ-ਛਾਤ ਤੇ ਜਾਤ-ਪਾਤ ਵਰਗੀਆਂ ਭੇਦ ਭਾਵਾਂ ਤੇ ਆਧਾਰਿਤ ਰਸਮਾਂ ਨੂੰ ਬਿਲਕੁਲ ਖਤਮ ਕਰ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਨੂੰ ਸ਼ਰਾਬ ਤੇ ਨਸ਼ੀਲੀਆਂ ਪਦਾਰਥਾਂ ਦੀ ਵਰਤੋਂ ਛੱਡ ਦੇਣ ਦਾ ਹੁਕਮ ਦਿੱਤਾ। ਉਨ੍ਹਾਂ ਨੇ ਵਿਧਵਾ-ਵਿਆਹ ਤੇ ਬਹੁਤ ਜ਼ੋਰ ਦਿੱਤਾ। ਪਹਿਲਾਂ ਗੁਰੂ ਅਮਰ ਦਾਸ ਜੀ ਨੇ ਵਿਧਵਾ ਔਰਤਾਂ ਦੇ ਹੱਕ ਵਿਚ ਆਵਾਜ਼ ਉਠਾਈ ਸੀ ਤੇ ਦੁਬਾਰਾ ਵਿਵਾਹਿਤ ਜੀਵਨ ਸ਼ੁਰੂ ਕਰਨ ਦੀ ਹਿਮਾਇਤ ਕੀਤੀ ਸੀ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਹੇਮੇ ਚੌਧਰੀ ਨਾਲ ਇਕ ਵਿਧਵਾ ਔਰਤ ਦੀ ਸ਼ਾਦੀ ਵੀ ਕਰਵਾਈ। ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਦੂਰ ਕਰਨ ਦੀ ਕੋਸ਼ਿਸ਼ ਕਰਦੇ ਜੋ ਸਰੀਰਕ ਤੌਰ ਤੇ ਕਿਸੇ ਔਖ ਵਿਚ ਹੁੰਦੇ। ਉਨ੍ਹਾਂ ਨੇ ਤਰਨਤਾਰਨ ਵਿਖੇ ਕੋੜ੍ਹੀਆਂ ਲਈ ਇਕ ਬਸਤੀ ਆਬਾਦ ਕੀਤੀ ਤੇ ਉਨ੍ਹਾਂ ਨੂੰ ਮੁਫਤ ਭੋਜਨ, ਰਿਹਾਇਸ਼ ਅਤੇ ਇਲਾਜ ਦੀਆਂ ਸਹੂਲਤਾਂ ਦਿੱਤੀਆਂ। ਗੁਰੂ ਜੀ ਮਨੁੱਖੀ ਹਮਦਰਦੀ ਦੇ ਦੁੱਧ ਨਾਲ ਨੱਕੋ-ਨੱਥ ਭਰੇ ਰਹਿੰਦੇ ਸਨ। ਦੂਜਿਆਂ ਪ੍ਰਤੀ ਉਨ੍ਹਾਂ ਦੇ ਅਜਿਹੇ ਵਤੀਰੇ ਨੇ ਗੁਰੂ ਜੀ ਨੂੰ ਚੰਗਿਆਈ, ਨੇਕੀ ਅਤੇ ਮਨੁੱਖਤਾ ਦੀ ਸੇਵਾ ਦਾ ਪੁੰਜ ਬਣਾ ਦਿੱਤਾ। ਉਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਤੇ ਵੱਖ-ਵੱਖ ਸਮਾਜਾਂ ਦੇ ਲੋਕਾਂ ਦੇ ਫ਼ਰਕਾਂ ਨੂੰ ਮਿਟਾਉਣ ਅਤੇ ਉਨ੍ਹਾਂ ਦੇ ਸੰਬੰਧ ਸੁਖਾਵੇਂ ਬਣਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਜੋ ਕੋਈ ਵੀ ਉਨ੍ਹਾਂ ਦੇ ਸੰਪਰਕ ਵਿਚ ਆਇਆ ਉਸ ਨੂੰ ਗੁਰੂ ਜੀ ਦੀ ਨੂਰਾਨੀ ਦਿੱਖ ਨੇ, ਉਨ੍ਹਾਂ ਦਾ ਦੀਵਾਨਾ ਬਣਾ ਦਿੱਤਾ। ਉਨ੍ਹਾਂ ਨੇ ਹਿੰਦੂ ਤੇ ਮੁਸਲਮਾਨ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦੇ ਯਤਨ ਕੀਤੇ।

ਉਨ੍ਹਾਂ ਦੀ ਸ਼ਖਸੀਅਤ ਤੇ ਜਾਦੂਮਈ ਪ੍ਰਭਾਵ ਥੱਲੇ ਬਿਧੀ ਚੰਦ ਵਰਗੇ ਪੱਕੇ ਡਾਕੂ ਵੀ ਇਮਾਨਦਾਰ ਤੇ ਚੰਗੇ ਨਾਗਰਿਕ ਬਣ ਗਏ।

## ਗੁਰੂ ਘਰ ਪਹਿਲਾਂ ਨਾਲੋਂ ਵੱਧ ਅਨੁਸ਼ਾਸਿਤ ਤੇ ਜਥੇਬੰਦ ਹੋਇਆ

ਗੁਰੂ ਅਰਜਨ ਦੇਵ ਜੀ ਦੇ ਅਧੀਨ ਸਿੱਖ ਦਰਬਾਰ ਦੀ ਸ਼ੋਭਾ ਬਹੁਤ ਵਧੀ ਤੇ ਇਹ ਬਹੁਤ ਹੀ ਅਨੁਸ਼ਾਸਿਤ ਧਰਮ ਬਣ ਗਿਆ। ਬੇਅੰਤ ਧਨ ਆਉਣ ਨਾਲ (ਗੁਰੂ ਦੇ ਫੰਡ ਵਿਚ) ਗੁਰੂ ਦੇ ਦਰਬਾਰ ਦੀ ਸ਼ੋਭਾ ਵਧ ਜਾਣੀ ਲਾਜ਼ਮੀ ਹੀ ਸੀ। ਗੁਰੂ ਦੇ ਅਸਤਬਲ ਵਿਚ ਘੋੜੇ ਵੀ ਸਨ। ਪਰੰਤੂ ਗੁਰੂ ਘੋੜਿਆਂ ਨੂੰ ਸ਼ਕਤੀ ਲਈ ਨਹੀਂ ਸਗੋਂ ਆਉਣ ਜਾਣ ਦੇ ਸਾਧਨ ਵਜੋਂ ਵਰਤਦੇ ਸਨ। ਗਿਆਨ ਸਿੰਘ ਆਪਣੇ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਦੌਲਤ, ਗੁਰੂ ਨਾਨਕ ਦੇਵ ਜੀ ਤੋਂ 20 ਮੀਲ ਦੀ ਦੂਰੀ ਤੇ ਰਹਿੰਦੀ ਸੀ, ਗੁਰੂ ਅੰਗਦ ਦੇਵ ਜੀ ਤੋਂ ਛੇ ਮੀਲ, ਇਸ ਨੇ ਗੁਰੂ ਅਮਰ ਦਾਸ ਜੀ ਦਾ ਦਰਵਾਜਾ ਖੜਕਾਇਆ, ਗੁਰੂ ਰਾਮ ਦਾਸ ਦੇ ਪੈਰਾਂ ਤੇ ਡਿੱਗ ਪਈ ਤੇ ਗੁਰੂ ਅਰਜਨ ਸਾਹਿਬ ਦੇ ਘਰ ਵਿੱਚ ਚਲੀ ਗਈ। ਪਰ ਗੁਰੂ ਅਰਜਨ ਦੌਲਤ ਪ੍ਰਤੀ ਕੋਈ ਖਿੱਚ ਜਾਂ ਕਮਜ਼ੋਰੀ ਨਹੀਂ ਰੱਖਦੇ ਸਨ ਸਗੋਂ ਸਿੱਖ ਸਮੁਦਾਇ ਦੇ ਵਿਕਾਸ ਤੇ ਗੁਰੂ ਵਲੋਂ ਸ਼ੁਰੂ ਕੀਤੇ ਵਿਕਾਸ ਕਾਰਜਾਂ ਦੀ ਪੂਰਤੀ ਲਈ ਧਨ ਦੀ ਲੋੜ ਸੀ। ਕੁਝ ਲੇਖਕਾਂ ਨੇ ਗਲਤ ਲਿਖਿਆ ਹੈ ਕਿ ਗੁਰੂ ਅਰਜਨ ਰਾਜ ਗੱਦੀ ਤੇ ਬੈਠ ਕੇ ਸ਼ਾਹੀ ਜੀਵਨ ਬਤੀਤ ਕੀਤਾ ਪਰ ਵਾਸਤਵ ਵਿਚ ਉਨ੍ਹਾਂ ਨੇ ਤਾਂ ਇਕ ਨੇਕ ਯੋਗੀ ਵਾਲਾ ਜੀਵਨ ਬਤੀਤ ਕੀਤਾ ਸੀ।

ਉਨ੍ਹਾਂ ਦੇ ਦਰਬਾਰ ਦੀ ਵਧੀਆ ਦਿੱਖ ਤੇ ਪ੍ਰਭਾਵ ਦੇਖ ਕੇ ਕੁਝ ਲਿਖਾਰੀਆਂ ਨੂੰ ਗੁਰੂ ਜੀ ਦੀ ਸਥਿਤੀ

ਸਮਝਣ ਵਿਚ ਟਪਲਾ ਲਗ ਗਿਆ। ਮੈਕਗਰੇਗਰ ਲਿਖਦਾ ਹੈ ਕਿ, "ਗੁਰੂ ਆਪਣੇ ਪੂਰਵਾਧਿਕਾਰੀਆਂ ਨਾਲੋਂ ਬਹੁਤ ਹੀ ਜ਼ਿਆਦਾ ਸ਼ਾਨਦਾਰ ਢੰਗ ਨਾਲ ਰਹੇ ਅਤੇ ਉਹ ਇਕ ਰਾਜ ਦੇ ਮਾਲਿਕ ਸਨ। ਉਹ ਵਧੀਆ ਘੋੜੇ ਰੱਖਦੇ ਸਨ ਅਤੇ ਉਹ ਬਹੁਤ ਹੀ ਵਧੀਆ ਕਪੜੇ ਪਹਿਨਦੇ ਸਨ।" ਮੁਹੰਮਦ ਲਤੀਫ ਸਿੱਖ ਗੁਰੂ ਜੀ ਦੇ ਮਿਸ਼ਨ ਤੋਂ ਉੱਕਾ ਹੀ ਅਣਜਾਣ ਜਾਪਦਾ ਹੈ ਜਦੋਂ ਉਹ ਗੁਰੂ ਅਰਜਨ ਦੇਵ ਜੀ ਬਾਰੇ ਲਿਖਦਾ ਹੈ ਕਿ, "ਗੁਰੂ ਨੇ ਤਾਨਾਸ਼ਾਹ ਬਣਨ ਤੋਂ ਬਾਅਦ ਆਪਣੇ ਆਪ ਨੂੰ ਅੰਮ੍ਰਿਤਸਰ ਵਿਚ ਵਸਾ ਲਿਆ। ਉਹ ਪਹਿਲੇ ਗੁਰੂ ਸੀ ਜਿਸ ਨੇ ਫਕੀਰੀ ਵੇਸ ਤੇ ਮਾਲਾ ਉਤਾਰ ਦਿੱਤੀ ਤੇ ਬਹੁਤ ਹੀ ਸ਼ਾਨਦਾਰ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਉਸ ਨੇ ਸੰਤਾਂ ਵਾਲੀ ਗੱਦੀ ਨੂੰ (ਜਿਸ ਨੂੰ ਕਿ ਉਸ ਦੇ ਪੂਰਵਾਧਿਕਾਰੀਆਂ ਨੇ ਪਵਿੱਤਰ ਰੱਖਿਆ ਸੀ) ਸ਼ਾਨਦਾਰ ਗੱਦੀ ਬਣਾ ਦਿੱਤਾ। ਉਨ੍ਹਾਂ ਕੋਲ ਅਣਗਿਣਤ ਨੌਕਰ-ਚਾਕਰ, ਸੋਹਣੇ ਘੋੜੇ ਅਤੇ ਹਾਥੀ ਸਨ। ਉਹ ਸ਼ਾਨ-ਸ਼ੌਕਤ ਦਾ ਜੀਵਨ ਬਤੀਤ ਕਰਦੇ ਸਨ।" ਉਪਰੋਕਤ ਸਾਰਾ ਕੁਝ ਜੋ ਕਿਹਾ ਗਿਆ ਉਸ ਵੇਲੇ ਦੇ ਭਾਰਤ ਦੇ ਬਾਦਸ਼ਾਹ ਜਹਾਂਗੀਰ ਦੀ ਰਾਏ ਨਾਲ ਮੇਲ ਨਹੀਂ ਖਾਂਦਾ। ਉਹ ਤੁਜਕ-ਏ-ਜਹਾਂਗੀਰੀ ਵਿਚ ਲਿਖਦਾ ਹੈ ਕਿ, "ਗੋਇੰਦਵਾਲ ਵਿਖੇ ਬਿਆਸ ਦਰਿਆ ਦੇ ਕਿਨਾਰੇ ਅਰਜਨ ਨਾਂ ਦਾ ਇਕ ਹਿੰਦੂ, ਇਕ ਪੀਰ ਤੇ ਸ਼ੇਖ ਦੇ ਭੇਸ ਵਿਚ ਬੈਠਾ ਹੈ।" ਪੀਰ ਅਤੇ ਸ਼ੇਖ ਕਦੀ ਵੀ ਸ਼ਾਹੀ ਪੋਸ਼ਾਕ ਨਹੀਂ ਪਹਿਨਦੇ ਸਨ ਸਗੋਂ ਉਹ ਫਕੀਰਾਂ ਤੇ ਸਾਧਾਰਣ ਲੋਕਾਂ ਵਾਲੇ ਕਪੜੇ ਪਹਿਨਦੇ ਸਨ। ਗੁਰੂ ਨੇ ਆਪਣੀ ਸੰਤਾਂ ਵਾਲੀ ਮਾਲਾ ਫੇਰ ਕਿਵੇਂ ਉਤਾਰੀ ? ਉਹ ਸਿੱਖ ਗੱਦੀ ਤੇ ਪੰਜਵੇਂ ਨਾਨਕ ਸਨ। ਬਾਅਦ ਦੇ ਲੇਖਕ ਪੇਨ ਤੇ ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਗੁਰੂ ਜੀ ਨੇ ਆਪਣੇ ਸ਼ਗਿਰਦਾਂ ਦੇ ਦੋਵੇਂ ਪੱਖ, ਸੰਸਾਰਿਕ ਅਤੇ ਆਤਮਿਕ ਆਪਣੇ ਹੱਥ ਵਿਚ ਲੈ ਲਏ ਸਨ। ਦਰਅਸਲ ਗੁਰੂ ਦੇ ਅਣਗਿਣਤ ਸਮਾਜਿਕ ਤੇ ਧਾਰਮਿਕ ਅਮਲਾਂ ਨੇ ਗੁਰੂ ਘਰ ਦੇ ਪੈਰ ਜਮਾ ਦਿੱਤੇ ਸਨ ਅਤੇ ਸ਼ਰਧਾਲੂ ਪਾਸੋਂ ਦਾਨ ਵਿਚ ਬੇਅੰਤ ਮਾਇਆ ਆਉਣ ਕਰਕੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਅਤੇ ਗੁਰੂ ਦੇ ਮਿਸ਼ਨ ਦਾ ਪ੍ਰਚਾਰ ਵਧੇਰੇ ਜਥੇਬੰਦਕ ਤਰੀਕੇ ਨਾਲ ਹੋਇਆ। ਪਰ ਇਹ ਸਭ ਕੁਝ ਬਿਨਾਂ ਕਿਸੇ ਰਾਜਨੀਤਿਕ ਉਦੇਸ਼ ਤੋਂ ਕੀਤਾ ਗਿਆ ਸੀ।

ਗੁਰੂ ਅਰਜਨ ਦੇਵ ਜੀ ਦੀ ਦੂਜੇ ਸ਼ਾਸਕਾਂ ਵਾਂਗ ਕੋਈ ਕਚਹਿਰੀ (ਦਰਬਾਰ) ਨਹੀਂ ਸੀ। ਉਨ੍ਹਾਂ ਦੇ ਤਾਂ ਧਾਰਮਿਕ ਇਕੱਠ (ਸੰਗਤ) ਹੁੰਦੇ ਸਨ ਜਿੱਥੇ ਲੋਕ ਇਕੱਠੇ ਹੋ ਕੇ ਗੁਰੂ ਦੇ ਦਰਸ਼ਨ ਕਰਦੇ ਸਨ। ਗੁਰੂ ਲੋਕਾਂ ਦੇ ਆਤਮਿਕ ਗੁਰੂ ਹੋਣ ਕਾਰਨ ਥੋੜ੍ਹੇ ਉਚੇ ਚਬੂਤਰੇ ਤੇ ਬੈਠਦੇ ਸਨ। ਇਸ ਸਭ ਕੁਝ ਲਈ ਰਾਜ ਵਲੋਂ ਕਦੀ ਵੀ ਕਿੰਤੂ ਨਹੀਂ ਕੀਤਾ ਗਿਆ।

ਸਿੱਖ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ ਜਾਂ ਸਤਿਗੁਰੂ ਕਹਿੰਦੇ ਹਨ। ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਸਿੱਖ ਗੁਰੂ ਹਰ ਪੱਖੋਂ ਆਪਣੇ ਆਪ ਨੂੰ ਰਾਜਾ ਸਮਝਦੇ ਸਨ ਤੇ ਉਸ ਦੇ ਮਸੰਦ ਗਵਰਨਰ ਜਾਂ ਵਾਇਸਰਾਏ ਸਨ। ਇਸ ਤਰ੍ਹਾਂ ਸਿੱਖ ਰਾਜ ਵਿਚ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਦੇ ਨਿਸ਼ਚਿਤ ਰਾਹ ਤੇ ਤੁਰ ਰਹੇ ਸਨ। ਸਿੱਖ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ, ਉਸ ਦੇ ਹੱਥਾਂ ਵਿਚ ਕੋਈ ਸੰਸਾਰਿਕ ਅਧਿਕਾਰ ਹੋਣ ਕਰਕੇ ਨਹੀਂ, ਸਗੋਂ ਉਸ ਨੂੰ ਆਪਣਾ ਆਤਮਿਕ-ਰਹਿਬਰ ਹੋਣ ਕਾਰਣ ਸੱਚਾ ਪਾਤਸ਼ਾਹ ਆਖਦੇ ਸਨ। ਕਨਿੰਘਮ ਅਨੁਸਾਰ, ਸੱਚਾ ਪਾਤਸ਼ਾਹ ਜਾਂ ਸਤਿਗੁਰੂ ਉਹ ਗੁਰੂ ਹੈ ਜੋ ਅੰਤਰ-ਆਤਮ ਚਲਾਉਂਦਾ ਹੈ। ਸਾਡੀਆਂ ਭਾਵਨਾਵਾਂ ਤੇ ਖੁਸ਼ੀਆਂ ਦੇ ਪ੍ਰਗਟਾਵੇ ਤੇ ਰੋਕਾਂ ਲਾਉਂਦਾ ਹੈ ਤੇ ਸੰਸਾਰਿਕ ਤਾਕਤ ਆਪਣੇ ਕਾਬੂ ਵਿਚ ਰਖਦਾ ਹੈ। ਮੁਸਲਮਾਨ ਇਸੇ ਵਿਚਾਰ ਨੂੰ ਮਾਲੀ ਅਤੇ ਹਕੀਕੀ ਸ਼ਬਦਾਂ ਨਾਲ ਪ੍ਰਗਟ ਕਰਦੇ ਹਨ।

ਦਬਿਸਤਾਨ ਦੇ ਅਨੁਸਾਰ ਹਰ ਗੁਰੂ ਦੇ ਕਾਲ ਵਿਚ ਸਿੱਖਾਂ ਦੀ ਗਿਣਤੀ ਵਧੀ ਪਰੰਤੂ ਗੁਰੂ ਅਰਜਨ

ਜੀ ਦੇ ਸਮੇਂ ਇਹ ਅਣਗਿਣਤ ਹੋ ਗਏ ਅਤੇ ਇਲਾਕੇ ਦੇ ਸਭ ਪਿੰਡਾਂ ਸ਼ਹਿਰਾਂ ਵਿਚੋਂ ਕੋਈ ਅਜਿਹਾ ਨਹੀਂ ਸੀ ਜਿਥੇ ਕੁਝ ਸਿੱਖ ਨਾ ਹੋਣ। ਉਨ੍ਹਾਂ ਦੀ ਅਜਿਹੀ ਕੋਈ ਪਾਬੰਦੀ ਨਹੀਂ ਸੀ ਕਿ ਬ੍ਰਾਹਮਣ ਸਿੱਖ ਨਹੀਂ ਬਣ ਸਕਦਾ। ਗੁਰੂ ਨਾਨਕ ਦੇਵ ਜੀ ਖੱਤਰੀ ਸਨ ਤੇ ਕੋਈ ਵੀ ਗੁਰੂ ਬ੍ਰਾਹਮਣ ਨਹੀਂ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਖੱਤਰੀਆਂ ਨੂੰ ਜੱਟਾਂ ਦੇ ਅਧੀਨ ਕਰ ਦਿੱਤਾ (ਜਦੋਂ ਕਿ ਜੱਟਾਂ ਨੂੰ ਨੀਵੀਂ ਸ਼੍ਰੇਣੀ ਗਿਣਿਆ ਜਾਂਦਾ ਸੀ) ਕਿਉਂਕਿ ਬਹੁਤੇ ਮਸੰਦ ਜੱਟ ਸਨ।

ਉਪਰੋਕਤ ਬਿਆਨ ਤੋਂ ਸਾਡੇ ਸਾਹਮਣੇ ਦੋ ਗੱਲਾਂ ਆਉਂਦੀਆਂ ਹਨ, ਪਹਿਲੀ ਇਹ ਕਿ ਸਿੱਖ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਦੇਸ਼ ਦੇ ਸਭ ਭਾਗਾਂ ਵਿਚ ਫੈਲ ਗਏ ਤੇ ਦੂਜੀ ਇਹ ਕਿ ਸਿੱਖਾਂ ਵਿਚ ਜਾਤ-ਪਾਤ ਦੀਆ ਭਿੰਨਤਾਵਾਂ ਕਾਫੀ ਹੱਦ ਤੱਕ ਖਤਮ ਹੋ ਗਈਆਂ।

### ਅਕਬਰ ਦਾ ਆਉਣਾ

ਕੁਝ ਸਾਜਸ਼ੀ ਲੋਕ ਬਾਦਸ਼ਾਹ ਜਾਂ ਉਸ ਦੇ ਅਧਿਕਾਰੀਆਂ ਪਾਸ ਵਾਰ-ਵਾਰ ਗੁਰੂ ਅਰਜਨ ਦੇਵ ਜੀ ਦੀਆਂ ਸ਼ਿਕਾਇਤਾਂ ਕਰ ਰਹੇ ਸਨ, ਪਰੰਤੂ ਅਕਬਰ ਨੂੰ ਗੁਰੂ ਜੀ ਦੀ ਚੰਗਿਆਈ ਵਿਚ ਭਰੋਸਾ ਸੀ। ਕੋਈ ਸ਼ਾਸਕੀ ਕਾਰਵਾਈ ਕਰਨ ਦੀ ਬਜਾਏ ਉਸ ਨੇ ਆਪ ਗੁਰੂ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਬਦਾਓਨੀ ਲਿਖਦਾ ਹੈ ਕਿ, "ਕਿਸੇ ਇਕ ਹੋਰ ਮੌਕੇ ਤੇ ਅਜ਼ੂਰ ਦੇ ਤੇਰ੍ਹਵਾਂ ਮਹੀਨੇ ਵਿਚ ਅਕਬਰ ਨੇ ਵੱਡੀ ਫੌਜ ਤੇ ਲਾਮ ਲਸ਼ਕਰ ਨਾਲ ਬਿਆਸ ਦਰਿਆ ਨੂੰ ਪਾਰ ਕੀਤਾ ਅਤੇ ਗੋਇੰਦਵਾਲ ਗੁਰੂ ਦੇ ਦਰਸ਼ਨਾਂ ਲਈ ਗਿਆ। ਅਕਬਰ ਨੇ ਗੁਰੂ ਜੀ ਦੇ ਉਪਦੇਸ਼ਾਂ ਅਤੇ ਚਰਿੱਤਰ ਦੀ ਪ੍ਰਸੰਸਾ ਕਰਦਾ ਸੀ।" ਇਹ ਤੱਥ ਦੀ ਪ੍ਰੋੜ੍ਹਤਾ ਸੁਜਾਨ ਰਾਏ ਵੀ ਆਪਣੀ 1696 ਈਸਵੀ ਵਿਚ ਪੂਰੀ ਕੀਤੀ ਪੁਸਤਕ ਖੁਲਾਸਾਤ-ਉਤ-ਤਵਾਰੀਖ ਵਿਚ ਕਰਦਾ ਹੈ। ਗੁਰੂ ਜੀ ਨੇ ਅਕਬਰ ਦੀ ਫੇਰੀ ਲਈ ਬਾਦਸ਼ਾਹ ਦੇ ਸਾਹਮਣੇ ਆਭਾਰ ਪ੍ਰਗਟ ਕੀਤਾ ਤੇ ਧੰਨਵਾਦ ਕੀਤਾ ਤੇ ਵਿਦਾਇਗੀ ਦੇ ਸਮੇਂ ਬਾਦਸ਼ਾਹ ਪਾਸ ਇਹ ਬੇਨਤੀ ਵੀ ਕੀਤੀ ਕਿ ਪੰਜਾਬ ਵਿਚ ਅਨਾਜ ਦੀਆਂ ਕੀਮਤਾਂ ਬਹੁਤ ਵਧ ਗਈਆਂ ਹਨ, ਇਸ ਲਈ ਕਿਸਾਨਾਂ ਲਈ ਲਗਾਨ ਦੇਣਾ ਬੜਾ ਹੀ ਮੁਸ਼ਕਲ ਹੈ। ਬਾਦਸ਼ਾਹ ਨੇ ਗੁਰੂ ਜੀ ਦੀ ਬੇਨਤੀ ਸਵੀਕਾਰ ਕਰ ਲਈ ਤੇ ਆਪਣੇ ਅਫਸਰਾਂ ਨੂੰ ਹੁਕਮ ਦਿੱਤਾ ਕਿ ਲਗਾਨ ਦਾ ਦਸਵਾਂ ਜਾਂ ਬਾਰ੍ਹਵਾਂ ਹਿੱਸਾ ਮਾਫ ਕਰ ਦਿੱਤਾ ਜਾਵੇ। ਅਕਬਰ ਦਾ ਗੁਰੂ ਦੇ ਦਰਸ਼ਨਾਂ ਲਈ ਆਉਣਾ ਅਤੇ ਲਗਾਨ ਦਾ ਕੁਝ ਭਾਗ ਮਾਫ ਕਰਨ ਦੀ ਗੱਲ ਦੀ ਬਾਦਸ਼ਾਹ ਤੇ ਗੁਰੂ ਜੀ ਦੇ ਸੰਬੰਧਾਂ ਦੀ ਰੌਸ਼ਨੀ ਵਿਚ ਮਹੱਤਵ ਰੱਖਦੀ ਹੈ। ਇਸ ਨੇ ਗੁਰੂ ਜੀ ਦੀ ਇੱਜ਼ਤ ਵਧਾਈ ਤੇ ਇਹ ਗੱਲ ਉਨ੍ਹਾਂ ਦੇ ਧਰਮ ਪ੍ਰਚਾਰ ਦੇ ਕੰਮ ਵਿਚ ਬਹੁਤ ਹੀ ਸਹਾਈ ਹੋਈ। ਪਰ ਬਦਕਿਸਮਤੀ ਦੀ ਗੱਲ ਹੈ ਕਿ ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਦੇ ਰਾਜ ਭਾਗ ਸੰਭਾਲਣ ਦੀ ਥੋੜ੍ਹੀ ਦੇਰ ਬਾਅਦ ਹੀ ਗੁਰੂ ਅਰਜਨ ਦੇਵ ਜੀ ਦਾ ਅੰਤ ਬਹੁਤ ਹੀ ਜ਼ਾਲਮ ਤੇ ਭਿਆਨਕ ਤਰੀਕੇ ਨਾਲ ਕਰਵਾ ਦਿੱਤਾ।

ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਦੇ ਸਮੇਂ ਸਿੱਖ ਧਰਮ ਇਕ ਨਵੇਂ ਯੁੱਗ ਵਿਚ ਦਾਖਲ ਹੁੰਦਾ ਹੈ ਅਤੇ ਇਹ ਇਕ ਵੱਖਰੇ ਸਮਾਜ ਤੇ ਤੌਰ ਤੇ ਨਿਸ਼ਚਿਤ ਤੇ ਅਲੱਗ ਪਹਿਚਾਣ ਸਥਾਪਤ ਕਰਦਾ ਜਾਪਦਾ ਹੈ। ਕਨਿੰਘਮ ਅਨੁਸਾਰ ਗੁਰੂ ਜੀ ਦੇ ਕਾਰਜਕਾਲ ਵਿਚ ਉਨ੍ਹਾਂ ਦੇ ਸ਼ਗਿਰਦਾਂ ਉਪਰ ਗੁਰੂ ਨਾਨਕ ਦੇ ਸਿਧਾਂਤਾਂ ਦਾ ਅਸਰ ਹੋਰ ਪੱਕਾ ਹੋਇਆ। ਉਹ ਨੇਕੀ ਅਤੇ ਪਵਿੱਤਰਤਾ ਨੂੰ ਬਹਾਲ ਕਰਨ ਵਾਲੇ ਵਿਅਕਤੀ ਤੇ ਮਨੁੱਖ ਦੀ ਵਧਦੀ ਬੁਰਾਈ ਤੇ ਸੰਪਰਦਾਵਾਂ ਦੀਆਂ ਅਣ-ਮਨੁੱਖੀ ਜੰਗਲੀ ਦਲੀਲਾਂ ਵਿਚ ਫਸੇ ਸੰਸਾਰ ਨੂੰ, ਛੁਟਕਾਰਾ ਦਿਵਾਉਣ ਵਾਲੇ ਮਹਾਂਪੁਰਸ਼ ਸਨ।

ਪਾਠ ਨੰ. 2.2

# ਆਦਿ ਗ੍ਰੰਥ : ਸੰਪਾਦਨਾ, ਵਿਸ਼ਾ ਵਸਤੂ ਅਤੇ ਇਤਿਹਾਸਕ ਮਹੱਤਵ

## ਭੂਮਿਕਾ

ਆਦਿ ਗ੍ਰੰਥ ਦੀ ਪਹਿਲੀ ਜਿਲਦ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਦੇਖ–ਰੇਖ ਵਿਚ ਤਿਆਰ ਹੋਈ। ਜੋ ਗੁਰੂ ਅਰਜਨ ਬੋਲਦੇ ਗਏ ਭਾਈ ਗੁਰਦਾਸ ਲਿਖਦੇ ਗਏ। ਉਹ ਬੀੜ (ਜਿਲਦ) ਹੁਣ ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ ਵਿਚ ਸੰਭਾਲੀ ਹੋਈ ਹੈ। ਦੂਸਰੀ ਬੀੜ (ਜਿਲਦ) ਭਾਈ ਬੰਨੋ ਦੁਆਰਾ ਤਿਆਰ ਕੀਤੀ ਗਈ। ਕਿਹਾ ਜਾਂਦਾ ਹੈ ਕਿ ਜਿਸ ਸਮੇਂ ਉਹ ਲਾਹੌਰ ਮੂਲ ਬੀੜ ਦੀ ਜਿਲਦ ਬਨਵਾਉਣ ਗਿਆ ਤਾਂ ਉਸ ਨੇ ਇਸ ਦੀ ਇਕ ਨਕਲ ਕਰ ਲਈ। ਇਕ ਹੋਰ ਵਿਚਾਰ ਇਹ ਵੀ ਹੈ ਕਿ ਉਸ ਨੇ ਮੂਲ ਬੀੜ ਆਪਣੇ ਲੋਕਾਂ ਨੂੰ ਦਿਖਾਉਣ ਲਈ ਗੁਰੂ ਜੀ ਤੋਂ ਉਧਾਰ ਲੈ ਲਈ ਸੀ ਤੇ ਮੋੜਣ ਤੋਂ ਪਹਿਲਾਂ ਉਸਦਾ ਉਤਾਰਾ ਕਰਵਾਉਣ ਦਾ ਪ੍ਰਬੰਧ ਕਰ ਲਿਆ ਸੀ। ਤੀਸਰੀ ਬੀੜ, ਗੁਰੂ ਗੋਬਿੰਦ ਸਿੰਘ ਜੀ ਦੇ ਨਜ਼ਦੀਕੀ ਤੇ ਸ਼ਰਧਾਲੂ ਸਿੱਖ ਭਾਈ ਮਨੀ ਸਿੰਘ ਦੁਆਰਾ ਤਿਆਰ ਕੀਤੀ ਗਈ। ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਆਪਣੇ–ਆਪਣੇ ਸਮਿਆਂ ਦੇ ਮਹਾਨ ਵਿਦਵਾਨ ਸਨ। ਸਮੇਂ ਦੇ ਗੁਜ਼ਰਨ ਨਾਲ ਆਦਿ ਗ੍ਰੰਥ ਦੀਆਂ ਹੋਰ ਬੀੜਾਂ ਤਿਆਰ ਹੁੰਦੀਆਂ ਗਈਆਂ ਤੇ ਵੱਖ–ਵੱਖ ਗੁਰਦਵਾਰਿਆਂ ਵਿਚ ਇਨ੍ਹਾਂ ਦਾ ਪ੍ਰਕਾਸ਼ ਕੀਤਾ ਗਿਆ।

## ਪਵਿੱਤਰ ਗ੍ਰੰਥ ਨੂੰ ਸੰਪਾਦਿਤ ਕਰਨ ਦੀ ਲੋੜ

ਗੁਰੂ ਅਰਜਨ ਦੇਵ ਜੀ ਦਾ, ਗ੍ਰੰਥ ਸਾਹਿਬ ਨੂੰ ਸੰਪਾਦਿਤ ਕਰਨਾ, ਸਿੱਖ ਧਰਮ ਦੇ ਵਿਕਾਸ ਲਈ ਇਕ ਮਹਾਨ ਦੇਣ ਹੈ। ਸਿਖ ਸਮਾਜ ਦਾ ਦਾਇਰਾ ਅਤੇ ਪ੍ਰਭਾਵ ਦਿਨੋ ਦਿਨ ਵੱਧ ਰਿਹਾ ਸੀ। ਪਹਿਲੇ ਚਾਰ ਗੁਰੂਆਂ ਦੀ ਬਾਣੀ ਸਿੱਖਾਂ ਕੋਲ ਮੌਜੂਦ ਸੀ। ਉਹ ਇਸ ਬਾਣੀ ਨੂੰ ਇਕ–ਇਕ ਪ੍ਰਮਾਣਿਕ ਧਰਮ ਗ੍ਰੰਥ ਦੇ ਰੂਪ ਵਿਚ ਇਕੱਠੀ ਵੇਖਣਾ ਚਾਹੁੰਦੇ ਸਨ ਜਿਸ ਵਿਚ ਗੁਰੂ ਸਾਹਿਬਾਨ ਦੀ ਰੱਬੀ ਬਾਣੀ ਸ਼ਾਮਿਲ ਹੋਵੇ। ਸਿੱਖਾਂ ਨੂੰ ਅਜਿਹੇ ਗ੍ਰੰਥ ਦੀ ਜ਼ਰੂਰਤ ਸੀ ਜਿਸ ਤੋਂ ਉਹ ਆਤਮਿਕ ਅਗਵਾਈ ਪ੍ਰਾਪਤ ਕਰ ਸਕਣ ਕਿਉਂਕਿ ਉਹ ਹੁਣ ਤੱਕ ਅਲੱਗ ਸਮੁਦਾਏ ਦੀ ਸ਼ਕਲ ਧਾਰਨ ਕਰਦੇ ਜਾ ਰਹੇ ਸਨ ਇਸ ਲਈ ਉਹ ਪੁਰਾਣੇ ਸ਼ਾਸਤਰਾਂ ਤੋਂ ਆਜ਼ਾਦ ਕਿਸੇ ਧਰਮ ਗ੍ਰੰਥ ਦੀ ਲੋੜ ਮਹਿਸੂਸ ਕਰ ਰਹੇ ਸਨ। ਮੈਕਾਲਿਫ ਦੇ ਅਨੁਸਾਰ, "ਗੁਰੂ ਅਰਜਨ ਦੇਵ ਜੀ ਨੇ ਹੁਣ ਆਪਣੇ ਸਿੱਖਾਂ ਦੀ, ਉਨ੍ਹਾਂ ਦੇ ਰੋਜ਼ਾਨਾ ਧਾਰਮਿਕ ਕੰਮਾਂ ਵਿਚ ਅਗਵਾਈ ਲਈ ਨਿਯਮ ਬਣਾਉਣ ਦੀ ਲੋੜ ਮਹਿਸੂਸ ਕੀਤੀ। ਇਸ ਉਦੇਸ਼ ਦੀ ਪ੍ਰਾਪਤੀ ਗੁਰੂਆਂ ਦੇ ਸ਼ਬਦਾਂ ਨੂੰ ਮੂਲ ਰੁਪ ਵਿਚ ਪੱਕੇ ਤੌਰ ਤੇ ਇਕ ਥਾਂ ਅੰਕਿਤ ਕਰਨ ਨਾਲ ਹੀ ਹੋ ਸਕਦੀ ਸੀ। ਦੂਸਰਾ ਕਾਰਣ ਇਹ ਵੀ ਸੀ ਕਿ ਗੁਰੂ ਅਰਜਨ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਗੁਰਗੱਦੀ ਨਾ ਮਿਲਣ ਕਰਕੇ ਲਗਾਤਾਰ ਵਿਰੋਧੀ ਤੇ ਝਗੜੇ ਵਾਲਾ ਵਤੀਰਾ ਅਪਣਾਈ ਜਾ ਰਿਹਾ ਸੀ। ਉਹ ਆਪਣੀ ਰਚੀ

ਬਾਣੀ ਨੂੰ ਸਿੱਖ ਗੁਰੂਆਂ ਦੀ ਬਾਣੀ ਦੱਸੀ ਜਾ ਰਿਹਾ ਸੀ। ਇਸ ਤਰ੍ਹਾਂ ਉਹ ਗੁਰੂਆਂ ਦੀ ਰੱਬੀ ਬਾਣੀ ਬਾਰੇ ਸਿੱਖਾਂ ਦੇ ਦਿਮਾਗ ਵਿਚ ਭੁਲੇਖੇ ਪਾਈ ਜਾ ਰਿਹਾ ਸੀ। ਪ੍ਰਿਥੀਏ ਤੇ ਹੋਰਨਾਂ ਦੁਆਰਾ ਗੁਰੂਆਂ ਦੀ ਪਵਿੱਤਰ ਬਾਣੀ ਵਿਚ ਕੀਤੀ ਜਾ ਰਹੀ ਮਿਲਾਵਟ ਤੋਂ ਬਚਾਉਣ ਲਈ ਗੁਰੂ ਅਰਜਨ ਦੇਵ ਜੀ ਨੂੰ ਇਹ ਜ਼ਰੂਰੀ ਲੱਗਿਆ ਕਿ ਸਾਰੀ ਬਾਣੀ ਦੀ ਸੰਭਾਲ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਜਾਵੇ। ਤੀਸਰੇ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਗੁਰੂਆਂ ਦੀ ਪਵਿੱਤਰ ਬਾਣੀ ਨੂੰ ਮੂਲ ਰੂਪ ਵਿਚ ਤਾਂ ਹੀ ਸੰਭਾਲਿਆ ਜਾ ਸਕਦਾ ਹੈ, ਜੇਕਰ ਇਸ ਨੂੰ ਇਕ ਨਿਸ਼ਚਿਤ ਸ਼ਕਲ ਦੇ ਕੇ ਸਦਾ ਲਈ ਅੰਕਿਤ ਕਰ ਦਿੱਤਾ ਜਾਵੇ। ਜੇਕਰ ਬਾਣੀ ਦੀ ਸੰਭਾਲ ਦਾ ਕੰਮ ਲੋਕਾਂ (ਸ਼ਰਧਾਲੂਆਂ) ਦੀ ਯਾਦ ਸ਼ਕਤੀ ਦੇ ਆਸਰੇ ਛੱਡ ਦਿੱਤਾ ਜਾਵੇ ਤਾਂ ਸਮੇਂ ਦੇ ਗੁਜ਼ਰਨ ਨਾਲ ਪਹਿਲਾਂ ਇਨ੍ਹਾਂ ਵਿਚ ਮਿਲਾਵਟ ਹੋਵੇਗੀ ਤੇ ਫੇਰ ਅਲੋਪ ਹੋ ਜਾਵੇਗੀ। ਇਸ ਲਈ ਸਿੱਖਾਂ ਦੇ ਹਿੱਤ ਵਿਚ ਇਹ ਜ਼ਰੂਰੀ ਸੀ ਕਿ ਸਾਰੀ ਬਾਣੀ ਨੂੰ ਇਕੱਠੀ ਕਰਕੇ ਇਕ ਥਾਂ ਸੰਕਲਿਤ ਕੀਤਾ ਜਾਵੇ।"

ਚੌਥੇ, ਜਿਵੇਂ ਕਿ ਮੈਕਾਲਿਫ ਕਹਿੰਦਾ ਹੈ ਕਿ ਗੁਰੂ ਅਮਰਦਾਸ ਜੀ ਨੇ 'ਅਨੰਦ ਸਾਹਿਬ' ਦੀ ਤੇਈਵੀਂ ਤੇ ਚੌਵੀਵੀਂ ਪੌੜੀ ਵਿਚ ਇਹ ਦੱਸਿਆ ਹੈ ਕਿ ਸਿੱਖਾਂ ਨੂੰ ਕੇਵਲ ਗੁਰੂ ਦੀ ਅਸਲ ਬਾਣੀ ਦਾ ਹੀ ਪਾਠ ਸ਼ਰਧਾ ਨਾਲ ਕਰਨਾ ਚਾਹੀਦਾ ਹੈ। ਇਸੇ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਹ ਮਹਿਸੂਸ ਕੀਤਾ ਕਿ ਅਜਿਹੀ ਸਾਰੀ ਰਚਨਾ ਨੂੰ ਇਕੱਠਾ ਕਰਕੇ, ਸਿੱਖਾਂ ਦੀ ਅਗਵਾਈ ਲਈ ਤਰਤੀਬ ਵਿਚ ਸੰਕਲਿਤ ਕੀਤਾ ਜਾਵੇ।

ਪੰਜਵੇਂ, ਇਹ ਵੀ ਮਹਿਸੂਸ ਕੀਤਾ ਗਿਆ ਕਿ ਸਿੱਖ ਮੱਤ ਨੂੰ ਵੱਖਰਾ ਸਮਾਜ ਬਣਾਉਣ ਲਈ ਉਨ੍ਹਾ ਕੋਲ ਆਪਣਾ ਧਰਮ ਗ੍ਰੰਥ ਹੋਣਾ ਜ਼ਰੂਰੀ ਤੇ ਲਾਜ਼ਮੀ ਹੈ।

ਛੇਵੇਂ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੀਕ ਗੁਰੂਆਂ ਦੀ ਕਾਫੀ ਬਾਣੀ ਇਕੱਠੀ ਹੋ ਚੁੱਕੀ ਸੀ। ਗੁਰੂ ਜੀ ਦੀ ਆਪਣੀ ਬਾਣੀ ਵੀ ਬਹੁਤ ਸੀ। ਇਸ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ ਵੀ ਗੁਰੂ ਜੀ ਕੋਲ ਮੌਜੂਦ ਸੀ। ਉਨ੍ਹਾਂ ਨੇ ਇਸੇ ਸਾਰੀ ਬਾਣੀ ਨੂੰ ਇਕ ਥਾਂ ਇਕੱਠੀ ਕਰਕੇ ਇਕ ਧਰਮ ਗ੍ਰੰਥ ਦੀ ਸ਼ਕਲ ਦੇਣ ਦਾ ਫੈਸਲਾ ਕੀਤਾ।

## ਬਾਣੀ ਨੂੰ ਇਕੱਠਾ ਕਰਨਾ

ਗੁਰੂ ਅਰਜਨ ਦੇਵ ਜੀ ਤੇ ਆਪਣੇ ਗ੍ਰੰਥ ਲਈ ਬਾਣੀ ਨੂੰ ਇਕੱਠਿਆਂ ਕਰਨ ਦੇ ਕੰਮ ਵਿਚ ਬਹੁਤ ਮੁਸ਼ਕਿਲ ਪੇਸ਼ ਆਈ। ਪਹਿਲੇ ਤਿੰਨ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਦੀ ਬਹੁਤੀ ਬਾਣੀ ਗੋਇੰਦਵਾਲ ਵਿਚ ਗੁਰੂ ਅਮਰ ਦਾਸ ਜੀ ਦੇ ਵੱਡੇ ਪੁੱਤਰ ਬਾਬਾ ਮੋਹਨ ਪਾਸ ਮੌਜੂਦ ਸੀ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਬਾਬਾ ਮੋਹਨ ਪਾਸੋਂ ਗੁਰੂਆਂ ਦੀਆਂ ਰਚਨਾਵਾਂ ਪ੍ਰਾਪਤ ਕਰਨ ਲਈ ਭੇਜਿਆ। ਪਰ ਬਾਬਾ ਮੋਹਨ ਨੇ ਆਪਣੇ ਆਪ ਨੂੰ ਘਰ ਵਿਚ ਅੰਦਰੋਂ ਬੰਦ ਕੀਤਾ ਹੋਇਆ ਸੀ ਤੇ ਕਿਹਾ ਜਾਂਦਾ ਸੀ ਕਿ ਉਨ੍ਹਾਂ ਦੀ ਸਮਾਧੀ ਲਗੀ ਹੋਈ ਹੈ। ਮੈਕਾਲਿਫ ਕਹਿੰਦਾ ਹੈ ਕਿ ਭਾਈ ਗੁਰਦਾਸ ਪੂਰੀ ਰਾਤ ਦਰਵਾਜ਼ਾ ਖੜਕਾਉਂਦੇ ਰਹੇ ਪਰ ਅੰਦਰੋਂ ਕੋਈ ਜਵਾਬ ਨਹੀਂ ਆਇਆ। ਉਹ ਅੰਮ੍ਰਿਤਸਰ ਵਾਪਸ ਚਲੇ ਗਏ ਤੇ ਆਪਣੇ ਉਦੇਸ਼ ਵਿਚ ਨਾ ਕਾਮਯਾਬ ਹੋਣ ਬਾਰੇ ਗੁਰੂ ਅਰਜਨ ਜੀ ਨੂੰ ਦੱਸਿਆ।

ਫੇਰ ਬਾਬਾ ਬੁੱਢਾ ਜੀ ਨੂੰ ਗੋਇੰਦਵਾਲ ਭੇਜਿਆ ਗਿਆ ਪਰ ਉਹ ਵੀ ਕਾਮਯਾਬੀ ਪ੍ਰਾਪਤ ਨਾ ਕਰ ਸਕੇ। ਅੰਤ ਗੁਰੂ ਅਰਜਨ ਦੇਵ ਜੀ ਆਪ ਬਾਬਾ ਮੋਹਨ ਪਾਸ ਗੋਇੰਦਵਾਲ ਗਏ। ਜਦੋਂ ਉਨ੍ਹਾਂ ਨੂੰ ਬਹੁਤ ਵਾਰੀ

ਬੁਲਾਉਣ ਤੇ ਵੀ ਕੋਈ ਜਵਾਬ ਨਾ ਮਿਲਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੀਆਂ ਸਤਰਾਂ ਉਚਾਰੀਆਂ :

"ਮੋਹਨ ਤੇਰੇ ਉਚੇ ਮੰਦਰ ਮਹਲੁ ਅਪਾਰਾ ।।

.......................................

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹਿ ।।

ਇਹ ਸੁਣ ਕੇ ਬਾਬਾ ਮੋਹਨ ਨੇ ਦਰਵਾਜ਼ਾ ਖੋਲ੍ਹਿਆ ਅਤੇ ਉਨ੍ਹਾਂ ਦੇ ਪਰਿਵਾਰ ਵਿਚੋਂ ਗੁਰ-ਗੱਦੀ ਖੋਹਣ ਕਰਕੇ ਗੁਰੂ ਜੀ ਨੂੰ ਬੁਰਾ-ਭਲਾ ਕਿਹਾ ਤੇ ਹੁਣ ਉਨ੍ਹਾਂ ਨੇ ਪੁਰਖਿਆਂ ਦੀਆਂ ਧਾਰਮਿਕ ਤੇ ਸਾਹਿਤਕ ਯਾਦਗਾਰੀ ਕਿਰਤਾਂ ਨੂੰ ਖੋਹ ਕੇ ਲੈ ਜਾਣ ਦਾ ਦੋਸ਼ ਲਗਾਇਆ। ਗੁਰੂ ਸਾਹਿਬ ਨੇ ਉਸ ਦੀਆਂ ਗੱਲਾਂ ਦੀ ਪਰਵਾਹ ਕੀਤੇ ਬਿਨਾ ਹੇਠ ਲਿਖੀਆਂ ਸਤਰਾਂ ਉਚਾਰੀਆਂ :

"ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ।।

.......................................

ਬੇਅੰਤ ਗੁਣ ਤੇਰੇ ਕਥੇ ਨਾ ਜਾਹੀ ਸਤਿਗੁਰੂ ਪੁਰਖ ਮੁਰਾਰੇ ।।

ਇਹ ਸੁਣਕੇ ਬਾਬਾ ਮੋਹਨ ਨਰਮ ਹੋ ਗਏ ਅਤੇ ਬਾਣੀ ਦੀਆਂ ਪੋਥੀਆਂ ਗੁਰੂ ਜੀ ਦੇ ਹਵਾਲੇ ਕਰ ਦਿੱਤੀਆਂ। ਆਪਣੇ ਪਿਤਾ ਗੁਰੂ ਰਾਮ ਦਾਸ ਜੀ ਦੀ ਬਾਣੀ ਉਨ੍ਹਾਂ ਪਾਸ ਪਹਿਲਾਂ ਹੀ ਮੌਜੂਦ ਸੀ। ਫਿਰ ਗੁਰੂ ਜੀ ਨੇ ਦੂਜੇ ਭਗਤਾਂ ਦੀ ਬਾਣੀ ਇਕੱਠੀ ਕੀਤੀ। ਮੈਕਾਲਿਫ ਅਨੁਸਾਰ, "ਸਭ ਸਿੱਖ, ਹਿੰਦੂ ਤੇ ਮੁਸਲਮਾਨ ਸਾਧੂਆਂ ਤੇ ਪੀਰਾਂ (ਜੈ ਦੇਵ ਤੱਕ) ਨੂੰ ਗੁਰੂ ਅਰਜਨ ਦੇਵ ਜੀ ਨੇ ਬੁਲਵਾਇਆ ਤੇ ਗੁਰੂ ਗ੍ਰੰਥ ਵਿਚ ਦਰਜ ਕਰਨ ਲਈ ਯੋਗ ਰਚਨਾਵਾਂ ਦੀ ਮੰਗ ਕੀਤੀ। ਉਨ੍ਹਾਂ ਪੀਰਾਂ ਫ਼ਕੀਰਾਂ ਤੇ ਆਤਮਿਕ ਗੁਰੂਆਂ ਦੀਆਂ ਪ੍ਰਚਲਤ ਰਚਨਾਵਾਂ, ਜੋ ਗੁਰੂਆਂ ਦੀ ਬਾਣੀ ਦੇ ਆਸ਼ੇ ਅਨੁਸਾਰ ਸਨ, ਉਨ੍ਹਾਂ ਪਾਸੋਂ ਲੈ ਕੇ ਪਵਿੱਤਰ ਗ੍ਰੰਥ ਸਾਹਿਬ ਵਿਚ ਦਰਜ ਕੀਤੀਆਂ ਗਈਆਂ।"

ਆਪਣੀ ਅਤੇ ਆਪਣੇ ਪੂਰਵਾਧਿਕਾਰੀਆਂ ਦੀ ਬਾਣੀ ਦੇ ਨਾਲ-ਨਾਲ ਗੁਰੂ ਜੀ ਨੇ ਕਬੀਰ, ਨਾਮ ਦੇਵ, ਰਵੀਦਾਸ ਤੇ ਭੀਖਣ ਆਦਿ 15 ਹਿੰਦੂ ਤੇ ਮੁਸਲਿਮ ਭਗਤਾਂ ਦੀ ਬਾਣੀ ਵੀ ਦਰਜ਼ ਕੀਤੀ। ਇਨ੍ਹਾਂ ਭਗਤਾਂ ਵਿਚ ਬਹੁਤਿਆਂ ਦਾ ਸੰਬੰਧ ਛੋਟੀਆ ਜਾਤਾਂ ਨਾਲ ਸੀ ਤੇ ਇਨ੍ਹਾਂ ਵਿਚੋਂ ਫਰੀਦ, ਭੀਖਣ, ਸੱਤਾ, ਬਲਵੰਤ ਤੇ ਮਰਦਾਨਾ ਘੱਟੋ-ਘੱਟ ਪੰਜ ਮੁਸਲਮਾਨ ਸਨ। ਗੈਰ-ਧਾਰਮਿਕ ਆਧਾਰ ਤੇ ਬਾਣੀ ਦਾ ਦਰਜ ਕਰਨ ਲਈ ਚੁਣੇ ਜਾਣ ਦਾ ਵਿਚਾਰ ਸਿੱਖ ਧਰਮ (ਜੋ ਪੂਰੀ ਮਾਨਵਤਾ ਦਾ ਭਲਾ ਮੰਗਦਾ ਹੈ) ਵਿਚ ਗੁਰੂ ਨਾਨਕ (ਜਿਨ੍ਹਾਂ ਨੇ ਇਸ ਧਰਮ ਦੀ ਨੀਂਹ ਰੱਖੀ) ਦੇ ਸਮੇਂ ਤੋਂ ਉਨ੍ਹਾਂ ਦੀ ਰਚਨਾ ਤੋਂ ਹੀ ਮੌਜੂਦ ਤੁਰਿਆ ਆਉਂਦਾ ਹੈ। ਜਾਪਦਾ ਹੈ ਕਿ ਫ਼ਰੀਦ ਤੇ ਕਬੀਰ ਦੀ ਬਾਣੀ ਗੁਰੂ ਨਾਨਕ ਦੇ ਸਮੇਂ ਤੇ ਹੀ ਸਿੱਖ ਗੁਰੂਆਂ ਪਾਸ ਰਹੀ ਹੈ ਤੇ ਇਸ ਨੂੰ ਬਹੁਤ ਸਨਮਾਨ ਵੀ ਪ੍ਰਾਪਤ ਸੀ। ਗੁਰੂ ਗ੍ਰੰਥ ਦੀ ਸੰਪਾਦਨਾ ਵੇਲੇ ਇਸ ਬਾਣੀ ਨੂੰ ਬੇਝਿਜਕ ਹੋ ਕੇ ਦਰਜ ਕਰ ਦਿੱਤਾ ਗਿਆ।

ਗੁਰੂ ਅਰਜਨ ਦੇਵ ਜੀ ਨੇ ਕਾਹਨਾ, ਛੱਜੂ, ਸ਼ਾਹ ਹੁਸੈਨ ਤੇ ਪੀਲੂ ਦੀ ਬਾਣੀ ਉਨ੍ਹਾਂ ਵਲੋਂ ਬੇਨਤੀ ਕੀਤੀ ਜਾਣ ਦੇ ਬਾਵਜੂਦ ਵੀ ਗੁਰੂ ਗ੍ਰੰਥ ਵਿਚ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਨ੍ਹਾਂ ਵਿਚੋਂ ਕੁਝ ਨੇ ਔਰਤ ਨੂੰ ਭੰਡਣ ਜਾਂ ਸੰਸਾਰ ਪ੍ਰਤੀ ਘਿਰਣਾ ਨਾਲ ਭਰਪੂਰ ਹੋਣ ਕਾਰਣ ਦਰਜ ਕਰਨ ਯੋਗ ਨਹੀਂ ਸਮਝਿਆ ਗਿਆ। ਤੇਜਾ ਸਿੰਘ ਅਤੇ ਗੰਡਾ ਸਿੰਘ ਅਨੁਸਾਰ ਗੁਰੂ ਜੀ ਸਿਰਫ ਆਸ਼ਾਵਾਦੀ ਅਤੇ ਸੰਸਾਰਿਕ ਜ਼ਿੰਮੇਵਾਰੀਆਂ ਤੇ ਫਰਜਾਂ ਨੂੰ ਖੁਸ਼ੀ ਨਾਲ ਕਬੂਲਣ ਵਾਲੀ ਰਚਨਾ ਚਾਹੁੰਦੇ ਸਨ। ਮੈਕਾਲਿਫ

ਅਨੁਸਾਰ, "ਕਾਹਨਾ ਭਗਤ ਨੇ ਆਪਣੀ ਰਚਨਾ ਦਿੰਦੇ ਹੋਏ ਕਿਹਾ ਸੀ, "ਮੈਂ ਉਹ ਹਾਂ ਜਿਸ ਨੂੰ ਵੇਦ ਤੇ ਪੁਰਾਣ ਗਾਉਂਦੇ ਹਨ ਪਰ ਜਿਸ ਨੂੰ ਖੋਜਣ ਨਾਲ ਕੋਈ ਨਹੀਂ ਲੱਭ ਸਕਦਾ।" ਇਸ ਨੂੰ ਪਰਮਾਤਮਾ ਦੀ ਨਿੰਦਾ ਤੇ ਹੰਕਾਰ ਵਾਲੀ ਜਾਣ ਕੇ ਉਸ ਵੇਲੇ ਹੀ ਰੱਦ ਕਰ ਦਿੱਤਾ ਗਿਆ।

**ਛੱਜੂ ਨੇ ਹੇਠ ਲਿਖੀ ਰਚਨਾ ਪੇਸ਼ ਕੀਤੀ :** ਔਰਤ ਵੱਲ ਨਾ ਦੇਖੋ ਭਾਵੇਂ ਉਹ ਕਾਗਜ਼ ਦੀ ਹੀ ਕਿਉਂ ਨਾ ਹੋਵੇ। (ਕਾਗਦ ਸੰਦੀ ਪੂਤਲੀ ਤਉ ਨੇ ਤ੍ਰਿਆ ਨਿਹਾਰ, ਯੋਹੀ ਮਾਰ ਲਿਜਾਵ ਹੀ ਜਬਾ ਬਲੋਚਨ ਧਾੜ)। ਇਸ ਨੂੰ ਵੀ ਔਰਤ ਬਾਰੇ ਨਿੰਦਕ ਹੋਣ ਕਾਰਣ ਰੱਦ ਕਰ ਦਿੱਤਾ ਗਿਆ। ਗੁਰੂ ਨਾਨਕ ਅਨੁਸਾਰ ਗ੍ਰਿਹਿਸਥ ਜੀਵਨ ਹੀ ਸਭ ਤੋਂ ਉਤਮ ਹੈ ਅਤੇ ਉਨ੍ਹਾਂ ਨੇ ਕਿਸੇ ਵੀ ਉਸ ਭਗਤ ਨੂੰ ਪ੍ਰਵਾਨ ਨਹੀਂ ਕੀਤਾ ਜੋ ਔਰਤ ਦੀ ਨਿੰਦਾ ਕਰਦਾ ਹੋਵੇ।

ਸ਼ਾਹ ਹੁਸੈਨ ਦੀ ਰਚਨਾ ਇਸ ਤਰ੍ਹਾਂ ਸੀ :

ਚੁੱਪ ਵੇ ਅੜਿਆ, ਚੁੱਪ ਵੇ ਅੜਿਆ
ਬੋਲਣ ਦੀ ਨਹੀਂ ਜਾ ਵੇ ਅੜਿਆ

ਗੁਰੂ ਅਰਜਨ ਨੇ ਇਹ ਰਚਨਾ ਇਸ ਆਧਾਰ ਤੇ ਰੱਦ ਕਰ ਦਿੱਤੀ ਕਿ ਇਸ ਅਨੁਸਾਰ ਨੇਕ ਆਦਮੀ ਉਹ ਸੰਦੇਸ਼ ਸੰਸਾਰ ਨੂੰ ਕਿਵੇਂ ਦੇਣਗੇ, ਜਿਸ ਲਈ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਹੈ।

ਪੀਲੂ ਜੋ ਕਿ ਆਪਣੀ ਰਚਨਾ ਸ਼ਾਮਲ ਕਰਵਾਉਣੀ ਚਾਹੁੰਦਾ ਸੀ, ਦੀ ਰਚਨਾ ਇਸ ਪ੍ਰਕਾਰ ਸੀ :

ਪੀਲੂ ਅਸਾਂ ਤੋਂ ਉਹ ਭਲੇ, ਜੋ ਜੀਵੰਦਿਆਂ ਮੋਏ
ਉਨ੍ਹਾਂ ਚਿੱਕੜ ਪਾਉ ਨਾ ਡੋਬਿਆ ਨਾ ਆਲੂਦ ਭਏ।

ਇਸ ਨੂੰ ਵੀ ਇਸ ਆਧਾਰ ਤੇ ਰੱਦ ਕਰ ਦਿੱਤਾ ਗਿਆ ਉਹ ਮਨੁੱਖ ਹੀ ਵਧੀਆ ਹੈ ਜੋ ਸੰਸਾਰ ਵਿਚ ਜੀਵਨ ਲਈ ਸ਼ੰਘਰਸ਼ ਕਰਦਾ ਹੈ ਨਾ ਕਿ ਉਹ ਜੋ ਪਹਿਲਾਂ ਹੀ ਅੱਖੋਂ ਓਝਲ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਮਣੇ ਗੁਰੂ ਨਾਨਕ ਦਰਸ਼ਨ ਆਧਾਰ ਰਖਿਆ। ਮੁੱਖ ਤੌਰ ਤੇ ਉਨ੍ਹਾਂ ਸੰਤਾਂ ਦੀਆਂ ਰਚਨਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਜੋ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨਾਲ ਮੇਲ ਖਾਂਦੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਸੰਤਾਂ ਦਾ ਆਤਮਿਕ ਪੱਧਰ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਮਿਆਰ ਹੀ ਖਾਸ ਤੌਰ ਤੇ ਆਧਾਰ ਬਣਾਇਆ। ਉਨ੍ਹਾਂ ਨੇ ਉਸ ਭਗਤ ਦੇ ਇਲਾਕੇ ਜਾਂ ਸੂਬੇ ਦਾ ਕੋਈ ਵੀ ਲਿਹਾਜ ਨਹੀਂ ਕੀਤਾ। ਇਥੋਂ ਤੀਕ ਕਿ ਉਨ੍ਹਾਂ ਦੀ ਬੋਲੀ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ। ਉਸ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ, ਮਰਾਠੀ ਤੇ ਸਿੰਧੀ ਆਦਿ ਬੋਲੀਆਂ ਦੀਆਂ ਰਚਨਾਵਾਂ ਕਬੂਲ ਕੀਤੀਆਂ।

'ਆਦਿ ਗ੍ਰੰਥ' ਲਗਭਗ ਛੇ ਸਦੀਆਂ ਵਿਚ ਹੋਏ ਮਹਾਨ ਆਤਮਿਕ ਹਸਤੀਆਂ ਦੀ ਗੂੜ੍ਹੀ ਵਿਦਵਤਾ ਦਾ ਨਿਚੋੜ ਹੈ। ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਕਈ ਵਿਅਕਤੀਆਂ ਦੀਆਂ ਰਚਨਾ ਹੋਣ ਦੇ ਬਾਵਜੂਦ ਵੀ ਇਸ ਪਵਿੱਤਰ ਗ੍ਰੰਥ ਦੀ ਸਾਰੀ ਰਚਨਾ ਇਕੋ ਧਾਰਮਿਕ ਦਰਸ਼ਨ ਦੇ ਵਿਚਾਰਾਂ ਦੀ ਏਕਤਾ ਦਾ ਪ੍ਰਤੀਕ ਹੈ। ਕਈ ਲੋਕਾਂ ਦਾ ਇਹ ਗਲਤ ਵਿਸ਼ਵਾਸ ਹੈ ਕਿ ਇਹ ਅਜਿਹਾ ਗ੍ਰੰਥ ਹੈ ਜੋ ਦੇਸ਼ ਦੇ ਵੱਖ-ਵੱਖ ਭਾਗਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਵੱਖ-ਵੱਖ ਧਰਮਾਂ, ਸੰਪਰਦਾਵਾਂ, ਸਮਿਆਂ ਤੇ ਵਿਚਾਰਧਾਰਾਵਾਂ ਦਾ ਇਕੱਠ ਹੈ ਤੇ ਉਹ ਇਸ ਨੂੰ ਇਸ ਤਰ੍ਹਾਂ ਲੈਂਦੇ ਹਨ ਜਿਵੇਂ ਕਿ ਇਸ ਗ੍ਰੰਥ ਦਾ ਨਿਸ਼ਾਨਾ ਕੌਮੀ ਏਕਤਾ ਹੋਵੇ। ਪਰ ਇਹ ਗੱਲ ਸਾਫ਼ ਕਰ ਲੈਣੀ ਚਾਹੀਦੀ ਹੈ ਕਿ ਇਸ ਦੇ

ਸੰਪਾਦਕ ਗੁਰੂ ਅਰਜਨ ਜੀ ਨੇ ਇਸ ਗ੍ਰੰਥ ਵਿਚ ਕਦੀ ਵੀ ਵਿਰੋਧ ਭਾਸ਼ੀ ਤੇ ਵਿਰੋਧੀ ਧਰਮਾਂ ਦੀਆਂ ਵਿਚਾਰਧਾਰਾਵਾਂ ਨੂੰ ਸ਼ਾਮਲ ਕਰਨ ਦੀ ਗੱਲ ਨਹੀਂ ਸੋਚੀ। ਵਿਚਾਰਾਂ ਦੀ ਏਕਤਾ ਹੀ ਇਸ ਗ੍ਰੰਥ ਦਾ ਮੂਲ ਆਧਾਰ ਹੈ।

## ਆਦਿ ਗ੍ਰੰਥ ਦੇ ਰਚਨਾਕਾਰ

ਆਦਿ ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਸਭ ਤੋਂ ਜ਼ਿਆਦਾ ਹੈ ਜਿਸ ਵਿਚ 'ਸੁਖਮਨੀ ਸਾਹਿਬ' ਵਰਗੀ ਉਚੀ ਬਾਣੀ ਵੀ ਸ਼ਾਮਿਲ ਹੈ। ਗ੍ਰੰਥ ਸਾਹਿਬ ਵਿਚ ਜ਼ਿਆਦਾਤਰ ਸ਼ਬਦ ਅਤੇ ਪੌੜੀਆਂ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਵਿਚ ਗੁਰੂ ਨਾਨਕ ਜੀ ਨੇ 974 ਸ਼ਬਦ, ਗੁਰੂ ਅੰਗਦ ਦੇਵ ਜੀ ਦੇ 63, ਗੁਰੂ ਅਮਰਦਾਸ ਜੀ ਦੇ 869, ਗੁਰੂ ਰਾਮਦਾਸ ਜੀ ਦੇ 638, ਅਤੇ ਗੁਰੂ ਅਰਜਨ ਦੇਵ ਜੀ ਦੇ ਆਪਣੇ 2312 ਸ਼ਬਦ ਸ਼ਾਮਿਲ ਹਨ। ਗੁਰੂ ਤੇਗ਼ ਬਹਾਦਰ ਜੀ ਦੇ 115 ਸ਼ਬਦ ਸ਼ਾਮਿਲ ਕੀਤੇ ਗਏ। ਆਦਿ ਗ੍ਰੰਥ ਵਿਚ 15 ਭਗਤਾਂ ਤੇ ਸੰਤਾਂ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ। ਉਨ੍ਹਾਂ ਦੇ ਨਾਂ ਹਨ : ਕਬੀਰ, ਫ਼ਰੀਦ, ਤ੍ਰਿਲੋਚਨ, ਬੇਨੀ, ਸੈਨ, ਰਵੀਦਾਸ, ਧੰਨਾ, ਨਾਮਦੇਵ, ਜੈ ਦੇਵ, ਭੀਖਣ, ਪਰਮਾ ਨੰਦ, ਪੀਪਾ, ਰਾਮ ਨੰਦ, ਸਦਨਾ ਅਤੇ ਸੂਰਦਾਸ। ਇਸ ਵਿਚ ਕੋਈ ਭੱਟਾਂ ਤੇ ਗਵੱਈਆਂ ਦੀ ਬਾਣੀ ਵੀ ਦਰਜ ਕੀਤੀ ਗਈ। ਇਨ੍ਹਾਂ ਵਿਚ ਜੱਲ੍ਹਣ, ਬਲ, ਨਲ, ਸਲ, ਗੰਗਾ, ਹਰੀਬੰਸ, ਕਲਸ, ਕਲਾਸਰ, ਕੀਰਤ, ਮਥਰਾ ਅਤੇ ਜਲਪ ਦੇ ਨਾਂ ਵਰਣਨਯੋਗ ਹਨ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸਾਰੇ ਗਵੱਈਏ ਬ੍ਰਾਹਮਣ ਸਨ। ਕਨਿੰਘਮ ਦਾ ਵਿਸ਼ਵਾਸ ਹੈ ਕਿ ਇਹ ਨਾਂ ਕਲਪਿਤ ਜਾਪਦੇ ਹਨ। ਸੱਤਾ-ਬਲਵੰਡ, ਮਰਦਾਨਾ ਤੇ ਸੁੰਦਰ ਦੀਆਂ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂਆਂ ਦੀ ਬਾਣੀ ਦੇ ਨਾਲ-ਨਾਲ ਵੱਡੀ ਗਿਣਤੀ ਭੱਟਾਂ ਤੇ ਭਗਤਾਂ ਦੀ ਰਚਨਾ ਵੀ ਆਦਿ ਗ੍ਰੰਥ ਵਿਚ ਚੜ੍ਹੀ ਤੇ ਅਮਰ ਗ੍ਰੰਥ ਵਿਚ ਉਨ੍ਹਾਂ ਦੀ ਰਚਨਾ ਚੜ੍ਹਨ ਦੇ ਨਾਲ ਉਹ ਆਪ ਵੀ ਅਮਰ ਹੋ ਗਏ।

## ਵਿਸ਼ੇ ਦੀ ਸਮਰੂਪਤਾ

ਸਾਰੀ ਬਾਣੀ ਨੂੰ ਸੰਗੀਤ ਦੇ ਮਾਪਾਂ ਅਨੁਸਾਰ 31 ਰਾਗਾਂ ਰਾਗਣੀਆਂ ਵਿਚ ਵੰਡਿਆ ਗਿਆ ਜਾਂ ਤਰਤੀਬ ਦਿੱਤੀ ਗਈ ਹੈ। ਜ਼ਿਆਦਾ ਖੁਸ਼ੀ ਜਾਂ ਗਮੀ ਦੇ ਰਾਗ, ਮੇਘ, ਹਿੰਡੋਲ, ਜੋਗ ਅਤੇ ਦੀਪਕ ਨਹੀਂ ਲਏ ਗਏ। ਜਿਹੜੇ ਰਾਗ ਲਏ ਗਏ ਹਨ ਉਹ ਇਹ ਹਨ : ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ। ਇਨ੍ਹਾਂ ਰਾਗਾਂ ਦੇ ਨਾਂ ਦੇਸ਼ਾਂ, ਮੌਸਮਾਂ, ਪੰਛੀਆਂ ਤੇ ਦਿਸ਼ਾਵਾਂ ਆਦਿ ਦੇ ਨਾ ਤੇ ਹਨ, ਉਦਾਹਰਣ ਦੇ ਤੌਰ ਤੇ ਆਸਾ ਤੇ ਤਿਲੰਗ ਦੇਸ਼ਾਂ ਦੇ ਨਾਂ ਹਨ। ਇਨ੍ਹਾਂ ਦੇ ਰਾਗਾਂ ਨੂੰ ਉਸ ਦੇਸ਼ ਵਿਚ ਗਾਏ ਜਾਣ ਕਰਕੇ ਹੀ ਇਹ ਨਾਂ ਦਿੱਤਾ ਗਿਆ। ਰਾਗਾਂ ਬਾਰੇ ਥੋੜ੍ਹੀ ਜਾਣਕਾਰੀ ਆਦਿ ਗ੍ਰੰਥ ਦੇ ਅੰਤ ਦੇ ਦਰਜ 'ਰਾਗ-ਮਾਲਾ' ਵਿਚੋਂ ਮਿਲਦੀ ਹੈ। ਗ੍ਰੰਥ ਸਾਹਿਬ ਦਾ ਹਰ ਭਾਗ ਪਰਮਾਤਮਾ ਦੀ ਪ੍ਰਾਰਥਨਾ ਨਾਲ ਸ਼ੁਰੂ ਹੁੰਦਾ ਹੈ ਅਤੇ ਇਸ ਤੋਂ ਪਿਛੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਸ਼ਬਦ ਦਿੱਤੇ ਗਏ ਹਨ ਅਤੇ ਇਸ ਤੋਂ ਬਾਅਦ ਕਰਮਵਾਰ ਦੂਜੇ, ਤੀਜੇ, ਚੌਥੇ, ਪੰਜਵੇਂ ਤੇ ਨੌਵੇਂ ਗੁਰੂ ਸਾਹਿਬ ਦੇ ਸ਼ਬਦ ਆਉਂਦੇ ਹਨ। ਹਰ ਇਕ ਗੁਰੂ ਨੇ ਸ਼ਰਧਾ ਵਜੋਂ ਆਪਣੀ ਬਾਣੀ ਦੇ ਸ਼ਬਦਾਂ ਦੇ ਪਿਛੇ ਨਾਨਕ ਨਾਮ ਹੀ ਵਰਤਿਆ ਹੈ ਅਤੇ ਇਸ ਦੀ ਪਛਾਣ ਸਿਰਫ ਅੱਗੇ ਲਿਖੇ ਸ਼ਬਦਾਂ 'ਮਹਲਾ ਪਹਿਲਾ, ਮਹਲਾ ਦੂਜਾ' ਤੋਂ ਹੀ ਹੁੰਦੀ ਹੈ। ਇਕ ਰਾਗ ਵਿਚ ਗੁਰੂਆਂ ਦੇ ਸ਼ਬਦ ਦਰਜ ਕਰਨ ਤੋਂ ਬਾਅਦ ਭਗਤਾਂ ਦੇ ਲਿਖੇ ਸ਼ਬਦ ਦਰਜ ਕੀਤੇ ਹਨ ਅਤੇ ਅੰਤ ਵਿਚ ਭੱਟਾਂ ਆਦਿ ਦੇ। ਇਸ ਤਰ੍ਹਾਂ

ਸਭ ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ (ਜੋ ਇਕ ਰਾਗ ਵਿਚ ਗਾਈ ਜਾ ਸਕਦੀ ਹੈ) ਇਕੱਠਾ ਦਰਜ ਕੀਤਾ ਗਿਆ ਹੈ ਤੇ ਇਸੇ ਤਰਤੀਬ ਨੂੰ ਬਾਕੀ ਰਾਗਾਂ ਵਿਚ ਵੀ ਜਾਰੀ ਰਖਿਆ ਗਿਆ ਹੈ। ਹਰ ਇਕ ਰਾਗ ਵਿਚ ਕਾਵਿ-ਟੁਕੜਿਆਂ ਨੂੰ ਵਿਸ਼ੇ ਤੇ ਵਿਚਾਰ ਅਨੁਸਾਰ ਤਰਤੀਬ ਦਿੱਤੀ ਗਈ ਹੈ। ਪਵਿੱਤਰ ਗ੍ਰੰਥ ਮੁੰਦਾਵਣੀ ਨਾਂ ਦੀ ਅੰਤਿਕਾ ਨਾਲ ਖਤਮ ਹੁੰਦਾ ਹੈ।

ਗ੍ਰੰਥ ਸਾਹਿਬ ਗੁਰੂ ਨਾਨਕ ਦੀ ਲਿਖੀ ਲੰਬੀ ਤੇ ਵਿਚਾਰ ਪ੍ਰਧਾਨ ਬਾਣੀ 'ਜਪੁਜੀ' ਨਾਲ ਸ਼ੁਰੂ ਹੁੰਦਾ ਹੈ। ਸਿੱਖ ਸਵੇਰ ਵੇਲੇ ਇਸ ਬਾਣੀ ਦਾ ਪਾਠ ਕਰਦੇ ਹਨ। ਜਪੁਜੀ ਦੇ ਬਾਅਦ ਵਿਚ 'ਸੋਦਰੁ ਰਹਿਰਾਸ' ਨਾਂ ਦੀ ਰਚਨਾ ਹੈ ਜਿਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। ਫਿਰ 'ਸੋ ਪੁਰਖ' (ਸਰਵੋਤਮ ਪੁਰਖ ਭਾਵ ਪਰਮਾਤਮਾ) ਆਉਂਦੀ ਹੈ। ਇਸ ਬਾਣੀ ਦਾ ਪਾਠ ਭੀ ਸ਼ਾਮ ਵੇਲੇ ਕੀਤਾ ਜਾਂਦਾ ਹੈ। ਇਸ ਤੋਂ ਬਾਅਦ 'ਕੀਰਤਨ ਸੋਹਿਲਾ' ਦਾ ਸਥਾਨ ਹੈ। ਕੀਰਤਨ ਸੋਹਿਲਾ ਦਾ ਭਾਵ ਹੈ ਖੁਸ਼ੀ ਦਾ ਗੀਤ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ। ਆਦਿ ਗ੍ਰੰਥ ਦਾ ਮੱਧ ਭਾਗ ਰਾਗਾਂ ਵਿਚ ਦਰਜ ਬਾਕੀ ਬਾਣੀਆਂ ਦਾ ਹੈ। ਜਿਸ ਦੇ ਕੁੱਲ 1154 ਸਫ਼ੇ ਬਣਦੇ ਹਨ ਜਦੋਂ ਕਿ ਗ੍ਰੰਥ ਸਾਹਿਬ ਦੇ ਕੁਲ 1430 ਪੰਨੇ ਹਨ। ਪਵਿੱਤਰ ਗ੍ਰੰਥ 1604 ਈਸਵੀ ਵਿਚ ਤਿਆਰ ਹੋਇਆ ਤੇ ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਇਸ ਵਿਚ ਬਾਅਦ ਵਿਚ ਸ਼ਾਮਲ ਕਰਕੇ ਇਸ ਨੂੰ ਅੰਤਿਮ ਰੂਪ ਪ੍ਰਦਾਨ ਕੀਤਾ।

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਲਈ ਹਰਿਮੰਦਰ ਸਾਹਿਬ ਤੋਂ ਇਕ ਮੀਲ ਦੀ ਦੂਰੀ ਤੇ ਰਾਮਸਰ ਨਾਂ ਦਾ ਰਮਣੀਕ ਸਥਾਨ ਚੁਣਿਆ। ਆਪਣੇ ਭੱਟ ਕਵੀਆਂ ਤੇ ਗਵਈਆਂ ਲਈ ਤੰਬੂਆਂ ਦਾ ਪ੍ਰਬੰਧ ਕੀਤਾ। ਗੁਰੂ ਅਰਜਨ ਸਾਹਿਬ ਨੇ ਉੱਥੇ ਇਕ ਸਰੋਵਰ ਵੀ ਬਣਾਇਆ ਜਿਸ ਦਾ ਨਾਂ ਰਾਮਸਰ ਰੱਖਿਆ ਗਿਆ।

ਮੈਕਾਲਿਫ ਅਨੁਸਾਰ, ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਗੁਰੂਆਂ ਦੀ ਆਤਮਾ ਹੈ। ਇਸ ਲਈ ਇਸ ਨੂੰ ਬਹੁਤ ਸ਼ਰਧਾ ਨਾਲ ਪੜ੍ਹਿਆ ਤੇ ਸੁਣਿਆ ਜਾਣਾ ਚਾਹੀਦਾ ਹੈ। ਫਿਰ ਉਨ੍ਹਾਂ ਨੇ ਇਹ ਵਿਚਾਰ ਕੀਤਾ ਕਿ ਇਸ ਮਹਾਨ ਧਾਰਮਿਕ ਗ੍ਰੰਥ ਨੂੰ ਕਿਸ ਦੀ ਸੰਭਾਲ ਤੇ ਜ਼ਿੰਮੇਵਾਰੀ ਵਿਚ ਰਖਿਆ ਜਾਵੇ। ਜੇਕਰ ਉਹ ਬੇਦੀਆਂ, ਭੱਲਿਆਂ ਜਾਂ ਸੋਢੀਆਂ ਨੂੰ ਇਹ ਗ੍ਰੰਥ ਸੌਂਪਦੇ, ਤਾਂ ਹੋ ਸਕਦਾ ਹੈ ਕਿ ਉਹ ਅਭਿਮਾਨੀ ਹੋ ਜਾਣ ਤੇ ਆਪਣੇ ਆਪ ਨੂੰ ਦੂਜਿਆਂ ਤੋਂ ਵਧੀਆ ਸਮਝਣ ਲੱਗ ਪੈਣ ਜਾਂ ਆਪਣੀ ਈਰਖਾ ਤੇ ਲੜਾਈਆਂ ਨਾਲ ਇਸ ਦੀ ਬੇਅਦਬੀ ਨਾ ਕਰਨ। ਇਸ ਲਈ ਉਨ੍ਹਾਂ ਨੇ ਭਾਈ ਬੁੱਢਾ ਜੀ ਨੂੰ ਪਹਿਲਾਂ ਗ੍ਰੰਥੀ ਥਾਪਿਆ ਤੇ ਇਸ ਦੀ ਸੇਵਾ ਸੰਭਾਲ ਨੂੰ ਸ਼ਰਧਾ ਤੇ ਪਿਆਰ ਨਾਲ ਨਿਭਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

## ਇਸ ਦਾ ਵਿਸ਼ਾ

ਆਦਿ ਗ੍ਰੰਥ ਦਾ ਮੁੱਖ ਵਿਸ਼ਾ ਅਧਿਆਤਮਕ ਤੇ ਧਾਰਮਿਕ ਹੈ। ਇਹ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਇਸ ਵਿਚ ਗੁਰੂ ਨਾਨਕ ਉਨ੍ਹਾਂ ਦੇ ਉਤਰਾਧਿਕਾਰੀਆਂ ਅਤੇ ਅਨੇਕਾਂ ਹੋਰ ਹਿੰਦੂ ਮੁਸਲਿਮ ਭਗਤਾਂ, ਪੀਰਾਂ ਤੇ ਉਚੀਆਂ ਰੂਹਾਂ ਵਾਲੇ ਵਿਅਕਤੀਆਂ ਦੀ ਬਾਣੀ ਦਰਜ ਹੈ। ਇਸ ਪਵਿੱਤਰ ਗ੍ਰੰਥ ਦੇ ਬਹੁਤੇ ਸ਼ਬਦ ਸਰਬ ਸ਼ਕਤੀਮਾਨ ਪਰਮਾਤਮਾ ਦੀ ਪ੍ਰਸੰਸਾ ਕਰਦੇ ਹਨ। ਇਸ ਵਿਚ ਗੁਰੂਆਂ ਦੀ ਜੀਵਨੀ ਜਾਂ ਹੋਰ ਚਮਤਕਾਰਾਂ ਸੰਬੰਧੀ ਕੋਈ ਨਿਸ਼ਚਿਤ ਸੰਕੇਤ ਜਾਂ ਸਮੱਗਰੀ ਨਹੀਂ ਹੈ। ਇਹ ਗ੍ਰੰਥ ਅਧਿਆਤਮਕ ਗਿਆਨ ਦਾ ਮਹਾਨ ਖਜ਼ਾਨਾ ਹੈ ਜਿਸ ਤੋਂ ਹਰ ਧਰਮ, ਮਜ਼ਹਬ, ਸਮੁਦਾਏ ਦੇ ਲੋਕ ਲਾਭ ਉਠਾ ਸਕਦੇ ਹਨ। ਕਿਹਾ ਜਾਂਦਾ ਹੈ ਕਿ ਅਕਬਰ ਨੇ ਇਸ ਗ੍ਰੰਥ ਬਾਰੇ ਇਸ ਤਰ੍ਹਾਂ ਵਿਚਾਰ ਪ੍ਰਗਟ ਕੀਤੇ ਸਨ, "ਇਹ

ਇਕ ਮਹਾਨ ਗ੍ਰੰਥ ਹੈ ਜਿਸ ਲਈ ਸ਼ਰਧਾ ਰੱਖਣੀ ਬਣਦੀ ਹੈ।"

ਆਦਿ ਗ੍ਰੰਥ ਬਾਰੇ ਲਿਖਦਾ ਹੋਇਆ ਟਰੰਪ ਕਹਿੰਦਾ ਹੈ, "ਇਸ ਗ੍ਰੰਥ ਵਿਚ ਪਰਮਾਤਮਾ ਲਈ ਮੁਸ਼ਕਿਲ ਨਾਲ ਹੀ ਕੋਈ ਪ੍ਰਾਰਥਨਾ ਸ਼ਾਮਿਲ ਹੈ।" ਇਸ ਕਥਨ ਤੇ ਆਲੋਚਨਾ ਕਰਦੇ ਹੋਏ ਗੋਕਲ ਚੰਦ ਨਾਰੰਗ ਲਿਖਦੇ ਹਨ, "ਇਹ ਕਹਿਣਾ ਬੜਾ ਸਾਧਾਰਨ ਤੇ ਘਟੀਆ ਹੈ। ਗ੍ਰੰਥ ਵਿਚੋਂ ਅਸਲ ਵਿੱਚ ਸੈਂਕੜੇ ਪ੍ਰਾਰਥਨਾਵਾਂ ਦੇਖੀਆਂ ਜਾ ਸਕਦੀਆਂ ਹਨ।" ਸੱਚ ਤਾਂ ਇਹ ਹੈ ਕਿ ਆਦਿ ਗ੍ਰੰਥ ਪਰਮਾਤਮਾ ਅੱਗੇ ਲੰਮੀ ਪ੍ਰਾਰਥਨਾ ਅਤੇ ਉਸ ਦੀ ਪ੍ਰਸੰਸਾ ਦਾ ਇਕ ਲੰਮਾ ਗੀਤ ਹੈ। ਇਹ ਬੜਾ ਅਜੀਬ ਹੈ ਕਿ ਟਰੰਪ ਨੂੰ ਇਸ ਗ੍ਰੰਥ ਵਿਚ ਕੋਈ ਪ੍ਰਾਰਥਨਾ ਨਹੀਂ ਲੱਭੀ। ਟਰੰਪ ਨੂੰ ਹੋਰ ਸ਼ਿਕਾਇਤ ਇਹ ਹੈ ਕਿ ਇਸ ਗ੍ਰੰਥ ਵਿਚ ਦੁਹਰਾ ਬਹੁਤ ਹੈ ਇਸ ਨੁਕਤੇ ਤੇ ਮੈਕਾਲਿਫ ਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ, "ਵੱਖ-ਵੱਖ ਧਰਮਾਂ ਦੀਆਂ ਧਰਮ-ਪੁਸਤਕਾਂ ਵਿਚ ਦੁਹਰਾ ਦਾ ਹੋਣਾ ਬੁੱਧੀਮਤਾ ਦੀ ਨਿਸ਼ਾਨੀ ਹੈ ਤੇ ਇਹ ਹੋਣਾ ਹੀ ਚਾਹੀਦਾ ਹੈ। ਕਿਉਂਕਿ ਉਨ੍ਹਾਂ ਦੇ ਗੁਰੂਆਂ ਦੀ ਸਿੱਖਿਆਵਾਂ ਗੁਰੂਆਂ ਦੁਆਲੇ ਜੁੜੇ ਲੋਕਾਂ ਨੂੰ ਜ਼ਬਾਨੀ ਦਿੱਤੀਆਂ ਗਈਆਂ ਸਨ ਤੇ ਅਜਿਹਾ ਸਮੇਂ ਦੁਹਰਾ ਨਾਲ ਇਸ ਦਾ ਸਰੋਤਿਆਂ ਤੇ ਸਦਾ ਚੰਗਾ ਪ੍ਰਭਾਵ ਪੈਂਦਾ ਹੈ ਤੇ ਉਹ ਦਿੱਤੀਆਂ ਹਦਾਇਤਾਂ ਆਸਾਨੀ ਨਾਲ ਕਬੂਲ ਲੈਂਦੇ ਹਨ।"

ਗੁਰੂ ਗ੍ਰੰਥ ਸਾਹਿਬ ਨੇਕ, ਈਮਾਨਦਾਰ ਤੇ ਅਧਿਆਤਮਕ ਜੀਵਨ ਜੀਣ ਸੰਬੰਧੀ ਹਦਾਇਤਾਂ ਦਿੰਦਾ ਹੈ। ਜੋ ਸੱਚੇ ਮਨ ਨਾਲ, ਉਸ ਪਰਮਾਤਮਾ ਦਾ ਨਾਮ ਜਪਦੇ ਹਨ ਉਨ੍ਹਾਂ ਲਈ ਸਹਾਈ ਹੁੰਦਾ ਹੈ। ਇਹ ਸ਼ਬਦ ਮਨੁੱਖ ਦਾ ਪ੍ਰਮਾਤਮਾ ਨਾਲ ਡੂੰਘਾ ਆਤਮਿਕ ਰਿਸ਼ਤਾ ਕਾਇਮ ਕਰਦੇ ਹਨ। ਭਰਪੂਰ ਸ਼ਰਧਾ ਤੇ ਭਗਤੀ ਭਰਪੂਰ ਇਹ ਸ਼ਬਦ ਸਰੋਤਿਆਂ ਨੂੰ ਸਾਦਾ ਜ਼ਿੰਦਗੀ ਤੇ ਉੱਚੀ ਸੋਚਣੀ ਦਾ ਵਿਚਾਰ ਦ੍ਰਿੜ੍ਹ ਕਰਵਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੈਵੀ ਗਿਆਨ ਅਤੇ ਆਤਮਿਕ ਆਨੰਦ ਦਾ ਸੋਮਾ ਹੈ।

## ਇਸ ਦੀ ਭਾਸ਼ਾ ਅਤੇ ਸਾਹਿਤਕ ਮਹੱਤਤਾ

ਗੁਰੂਆਂ ਦੇ ਲਗਭਗ ਬਹੁਤੇ ਸ਼ਬਦਾਂ ਦੀ ਭਾਸ਼ਾ ਪੰਦਰਵੀਂ, ਸੋਲ੍ਹਵੀਂ ਅਤੇ ਸਤਾਰਵੀਂ ਸਦੀ ਵਿਚ ਬੋਲੀ ਜਾਂਦੀ ਪੰਜਾਬੀ ਹੈ ਪਰੰਤੂ ਭਗਤਾਂ ਤੇ ਸੰਤਾਂ ਆਦਿ ਦੀ ਭਾਸ਼ਾ ਹਿੰਦੀ, ਸੰਸਕ੍ਰਿਤ, ਮਰਾਠੀ, ਗੁਜਰਾਤੀ ਤੇ ਫ਼ਾਰਸੀ ਆਦਿ ਹੈ। ਜੈ ਦੇਵ ਦੀ ਰਚਨਾ ਸੰਸਕ੍ਰਿਤ ਦੇ ਨੇੜੇ ਹੈ। ਦੱਖਣ ਦੇ ਸੰਤਾਂ ਨਾਮ ਦੇਵ ਅਤੇ ਤ੍ਰਿਲੋਚਨ ਦੀ ਭਾਸ਼ਾ ਤੇ ਮਰਾਠੀ ਦਾ ਤਕੜਾ ਪ੍ਰਭਾਵ ਹੈ। ਕਬੀਰ ਅਤੇ ਰਾਮਾਨੰਦ ਨੇ ਹਿੰਦੀ ਵਿਚ ਲਿਖਿਆ। ਪਵਿੱਤਰ ਗ੍ਰੰਥ ਮੂਲ ਰੂਪ ਵਿਚ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ। ਇਸ ਗ੍ਰੰਥ ਵਿਚ ਅਨੇਕ ਭਾਸ਼ਾਵਾਂ ਦੀ ਹੋਈ ਵਰਤੋਂ ਕਾਰਣ ਟਰੰਪ ਲਿਖਦਾ ਹੈ, "ਇਹ ਗ੍ਰੰਥ ਭਾਰਤੀ ਭਾਸ਼ਾਵਾਂ ਦਾ ਖਜ਼ਾਨਾ ਹੈ।" ਪੰਜਾਬੀ ਸਾਹਿਤ ਵਿਚ ਇਸ ਦਾ ਜੋ ਸਥਾਨ ਹੈ ਉਸ ਬਾਰੇ ਖੁਸ਼ਵੰਤ ਸਿੰਘ ਲਿਖਦਾ ਹੈ, "ਆਦਿ ਗ੍ਰੰਥ ਦੀ ਲਿਖਤ ਪੰਜਾਬੀ ਸਾਹਿਤ ਦੀ ਸਾਰੀ ਪ੍ਰਾਪਤੀ ਵਿਚੋਂ ਅਤੀ ਉੱਤਮ ਹੈ। ਇਸਦੇ ਰੂਪ ਤੇ ਮਿਆਰ ਨੂੰ ਬਾਅਦ ਦਾ ਕੋਈ ਲੇਖਕ ਨਹੀਂ ਪਹੁੰਚ ਸਕਿਆ। ਰਚਨਾ ਦੀ ਸੁੰਦਰਤਾ ਵਿਚ ਸ਼ਕਤੀਸ਼ਾਲੀ ਪ੍ਰਭਾਵ ਹੈ।"

ਗੁਰੂ ਨਾਨਕ ਦੁਆਰਾ ਪੰਜਾਬੀ ਨੂੰ ਆਪਣੀ ਰਚਨਾ ਦਾ ਮਾਧਿਅਮ ਬਣਾਉਣ ਬਾਰੇ ਤੇਜਾ ਸਿੰਘ ਅਤੇ ਗੰਡਾ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਧਾਰਿਮਕ ਉਦੇਸ਼ ਲਈ ਲੋਕ ਬੋਲੀ ਦੀ ਚੋਣ ਕੇ ਇਕ ਤਰ੍ਹਾਂ ਨਾਲ ਉਨ੍ਹਾਂ (ਲੋਕਾਂ) ਦੀਆਂ ਕੌਮੀ ਭਾਵਨਾਵਾਂ ਨੂੰ ਜਗਾ ਦਿੱਤਾ। ਇਸ ਨਾਲ ਲੋਕਾਂ ਦੀ ਸੂਝ ਬੂਝ ਵਿਚ ਵਾਧਾ ਹੋਇਆ। ਜਦੋਂ ਰੂਹਾਨੀ ਸੱਚਾਈਆਂ ਲੋਕਾਂ ਦੀ ਆਪਣੀ ਬੋਲੀ ਵਿਚ ਦਸੀਆਂ ਗਈਆਂ ਤਾਂ ਲੋਕਾਂ ਨੂੰ ਆਪਣੇ ਅੰਦਰ ਵਿਚਾਰਾਂ ਦੀ ਨਵੀਂ ਸ਼ਕਤੀ ਦਾ ਅਭਾਸ ਹੋਇਆ।

ਆਦਿ ਗ੍ਰੰਥ ਵਿਚ ਉੱਤਮ ਸਾਹਿਤ ਤੇ ਅਣਗਿਣਤ ਨਮੂਨੇ ਹਨ। ਵੱਖ-ਵੱਖ ਕਾਵਿ ਰੂਪਾਂ ਨੂੰ ਇਸ ਤਰ੍ਹਾਂ ਵਰਤਿਆ ਗਿਆ ਕਿ ਉਨ੍ਹਾਂ ਦਾ ਅਸਰ ਮੋਹ ਲੈਣ ਵਾਲਾ ਹੈ। ਆਤਮਿਕ ਨੁਕਤਿਆਂ ਨੂੰ ਸਮਝਾਉਣ ਲਈ ਉਦਾਹਰਣਾਂ ਲਈ ਰੋਜ਼ਾਨਾ ਜ਼ਿੰਦਗੀ ਵਿਚੋਂ ਲਈਆਂ ਗਈਆਂ ਹਨ, ਇਸੇ ਕਾਰਣ ਉਹ ਲੋਕਾਂ ਦੇ ਦਿਲਾਂ ਵਿਚ ਡੂੰਘੀਆਂ ਉਤਰ ਜਾਦੀਆਂ ਹਨ। ਸਾਰੇ ਗੁਰੂ ਸਾਹਿਬਾਨ ਨੇ ਸਾਹਿਤਕ ਪਰੰਪਰਾ ਨੂੰ ਚਾਲੂ ਰਖਿਆ। ਨਵੇਂ ਮੁਹਾਵਰੇ ਤੇ ਨਵੇਂ ਪ੍ਰਗਟਾਅ ਢੰਗ ਨੇ (ਗ੍ਰੰਥ ਸਾਹਿਬ ਦੇ) ਪੰਜਾਬੀ ਭਾਸ਼ਾ ਦੇ ਵਿਰਸੇ ਨੂੰ ਅਮੀਰ ਬਣਾਇਆ ਹੈ। ਦੇਸ਼ ਦੀਆਂ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਗੁਰੂਆਂ ਦੇ ਭਗਤਾਂ ਦੁਆਰਾ ਬੜੀ ਆਜ਼ਾਦੀ ਨਾਲ ਵਰਤੋਂ ਵਿਚ ਲਿਆਂਦੇ ਗਏ ਹਨ। ਇਹ ਪੰਜਾਬੀ ਲੋਕਾਂ ਦੇ ਸ਼ਬਦ-ਭੰਡਾਰ ਦਾ ਭਾਗ ਬਣ ਗਏ ਹਨ। ਆਦਿ ਗ੍ਰੰਥ ਵਿਚ ਅਪਣਾਏ ਗਏ ਕਾਵਿ-ਰੂਪਾਂ ਨੂੰ ਪੰਜਾਬੀ ਕਵੀਆਂ ਨੇ ਅਪਣਾਇਆ।

## ਆਦਿ ਗ੍ਰੰਥ ਦੀ ਇਤਿਹਾਸਕ ਮਹੱਤਤਾ

### ਰਾਜਨੀਤਿਕ ਹਾਲਤ

ਕਨਿੰਘਮ ਕਹਿੰਦਾ ਹੈ ਕਿ, "ਇਹ ਗ੍ਰੰਥ ਇਕ ਵਿਸਤ੍ਰਿਤ ਇਤਿਹਾਸਕ ਦਸਤਾਵੇਜ਼ ਨਹੀਂ ਹੈ।" ਗੁਰੂ ਅਤੇ ਭਗਤ ਮੂਲ ਰੂਪ ਵਿਚ ਰੱਬੀ ਬੰਦੇ ਸਨ, ਉਨ੍ਹਾਂ ਨੇ ਦੇਸ਼ ਦੀ ਰਾਜਨੀਤੀ ਤੋਂ ਕੀ ਲੈਣਾ ਹੈ ? ਪਰੰਤੂ ਜਦੋਂ ਉਹ ਲੋਕਾਂ ਵਿਚ ਗਏ, ਦੇਸ਼ ਦੀ ਸਰਕਾਰ ਵਲੋਂ ਲੋਕਾਂ ਨਾਲ ਹੁੰਦੇ ਹੋਏ ਸਲੂਕ ਬਾਰੇ ਜਾਣਿਆ ਤਾਂ ਉਹ ਇਹਨਾਂ ਭਾਵਨਾਵਾਂ ਨੂੰ ਪ੍ਰਗਟਾਵੇ ਬਿਨਾ ਨਾ ਰਹਿ ਸਕੇ। ਉਨ੍ਹਾਂ ਨੇ ਹਮਲਾਵਰਾਂ ਨੂੰ ਦੇਸ਼ ਉਜਾੜਦਿਆਂ ਦੇਖਿਆ ਤੇ ਉਨ੍ਹਾਂ ਹੱਥੋਂ ਹੁੰਦੀ ਲੋਕਾਂ ਦੀ ਦੁਰਗਤੀ ਦੇਖੀ। ਉਹਨਾਂ ਨੇ ਇਸ ਗੱਲ ਦਾ ਸੰਕੇਤ ਆਪਣੀ ਬਾਣੀ ਵਿਚ ਕੀਤਾ ਹੈ।

ਆਦਿ ਗ੍ਰੰਥ ਵਿਚ ਅਸੀਂ ਦੇਸ਼ ਦੀ ਰਾਜਨੀਤੀ ਬਾਰੇ ਅਨੇਕਾਂ ਹਵਾਲੇ ਦੇਖਦੇ ਹਾਂ। ਗੁਰੂ ਨਾਨਕ ਨੇ ਲੋਧੀਆਂ ਦੇ ਭ੍ਰਿਸ਼ਟ ਰਾਜ ਦੀ ਡਟ ਕੇ ਤੇ ਨਿਡਰ ਹੋ ਕੇ ਆਲੋਚਨਾ ਕੀਤੀ। ਗੁਰੂ ਨਾਨਕ ਨੇ ਬਾਬਰ ਦੇ ਹਮਲੇ ਸਮੇਂ ਲੋਕਾਂ ਤੇ ਹੁੰਦੇ ਜ਼ੁਲਮ ਆਪ ਆਪਣੀਆਂ ਅੱਖਾਂ ਨਾਲ ਦੇਖੇ ਤੇ ਉਸ ਬਾਰੇ ਵਿਸਤ੍ਰਿਤ ਰੂਪ ਵਿਚ ਆਪਣੀ ਵਿਰੋਧਤਾ ਪ੍ਰਗਟ ਕੀਤੀ।ਉਨ੍ਹਾਂ ਨੇ ਹਮਲਾਵਰਾਂ ਨੂੰ 'ਪਾਪ ਦੀ ਜੰਞ' ਦੱਸਿਆ। ਉਨ੍ਹਾਂ ਨੇ ਹਮਲਾਵਰਾਂ ਵਲੋਂ ਪੰਜਾਬੀਆਂ ਦੀ ਹੋਈ ਦੁਰਗਤੀ ਦਾ ਪਰਮਾਤਮਾ ਨੂੰ ਉਲਾਂਭਾ ਦਿੱਤਾ : 'ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨਾ ਆਇਆ ?' ਗੁਰੂ ਸਾਹਿਬ ਲਿਖਦੇ ਹਨ ਕਿ ਰਾਜੇ ਕਸਾਈ ਬਣ ਗਏ ਸਨ ਤੇ ਲੋਕਾਂ ਦਾ ਚਰਿੱਤਰ ਨਿੱਘਰ ਗਿਆ ਸੀ। ਜੱਜ (ਕਾਜੀ) ਵੱਢੀ ਲੈ ਕੇ ਲੋਕਾਂ ਦੇ ਹੱਕ ਮਾਰਦੇ ਸਨ ਤੇ ਉਨ੍ਹਾਂ ਨਾਲ ਬੇਇਨਸਾਫੀ ਕਰਦੇ ਸਨ। ਲੋਕ ਵਿਦੇਸ਼ੀ ਬੋਲੀ ਬੋਲਣ ਵਿਚ ਵਡਿਆਈ ਸਮਝਦੇ ਸਨ। ਪਵਿੱਤਰ ਗ੍ਰੰਥ ਵਿਚ ਰਾਜ ਦਰਬਾਰੀਆਂ ਦੀਆਂ ਆਪਣੀਆਂ ਈਰਖਾਵਾਂ ਅਤੇ ਸ਼ਾਹੀ ਪਰਿਵਾਰ ਦੀ ਆਪਸੀ ਖਿਚੋਤਾਣ ਦਾ ਭੀ ਜ਼ਿਕਰ ਹੈ।

### ਸਮਾਜਿਕ ਹਾਲਤ

ਆਦਿ ਗ੍ਰੰਥ ਵਿਚ ਲੋਕਾਂ ਦੇ ਸਮਾਜਿਕ ਹਾਲਾਤ ਬਾਰੇ ਅਨੇਕਾਂ ਹਵਾਲੇ ਹਨ। ਅਸੀਂ ਸਤੀ ਤੇ ਪਰਦਾ ਆਦਿ ਬੁਰੀਆਂ ਰਸਮਾਂ ਬਾਰੇ ਪੜ੍ਹਦੇ ਹਾਂ। ਸਾਨੂੰ ਵਿਧਵਾਵਾਂ ਪ੍ਰਤੀ ਲੋਕਾਂ ਦੇ ਵਿਹਾਰ ਦਾ ਪਤਾ ਚਲਦਾ ਹੈ। ਮੱਧ ਕਾਲ ਵਿਚ ਔਰਤ ਨੂੰ ਸਮਾਜ ਵਿਚ ਆਦਮੀ ਨਾਲੋਂ ਘਟੀਆ ਦਰਜਾ ਦਿੱਤਾ ਜਾਂਦਾ ਸੀ, ਇਥੋਂ ਤੱਕ ਕਿ ਔਰਤ ਨੂੰ ਗਿਰੀ ਹੋਈ ਸਮਝਿਆ ਜਾਂਦਾ ਸੀ ਤੇ ਉਸ ਨੂੰ ਉਸ ਦੇ ਹੱਕ ਨਹੀਂ ਦਿੱਤੇ ਜਾਂਦੇ ਸਨ। ਸਾਨੂੰ ਗਾਉਣ, ਨੱਚਣ, ਦੰਗਲ, ਛੂਹ-ਛੁਹਾਈ ਤੇ ਤੀਰਥ ਸਥਾਨਾਂ ਦੀ ਯਾਤਰਾ, ਲੋਕਾਂ ਦੇ ਮਨ ਪਰਚਾਵੇ ਦੇ ਸਾਧਨਾਂ ਆਦਿ ਦੀ ਜਾਣਕਾਰੀ ਵੀ ਮਿਲਦੀ ਹੈ। ਲੋਕ ਕਿਹੋ ਜਿਹੀ ਪੋਸ਼ਾਕ ਪਹਿਨਦੇ ਸਨ,

ਇਸ ਬਾਰੇ ਜਾਕੇਟ, ਫਤੂਹੀ, ਚੋਗੇ, ਕੁਰਤਾ ਤੇ ਪੱਗ ਆਦਿ ਦਾ ਜ਼ਿਕਰ ਆਉਂਦਾ ਹੈ। ਔਰਤਾਂ ਚੂੜੀਆਂ, ਹਾਰ, ਕਾਂਟੇ ਆਦਿ ਗਹਿਣੇ ਪਹਿਨਦੀਆਂ ਸਨ। ਬਹੁਤ ਲੋਕਾਂ ਦੇ ਸਿਰ ਤੇ ਵਾਲ, ਮੂੰਹ ਤੇ ਦਾੜ੍ਹੀ ਤੇ ਮੁੱਛਾਂ ਵਧਾਈਆਂ ਹੋਈਆਂ ਸਨ। ਆਦਿ ਗ੍ਰੰਥ ਤੋਂ ਸਾਨੂੰ ਲੋਕਾਂ ਦੇ ਖਾਣ-ਪੀਣ ਦਾ ਪਤਾ ਵੀ ਲਗਦਾ ਹੈ। ਉਹ ਜ਼ਿਆਦਾਤਰ ਦੁੱਧ ਜਾਂ ਦੁੱਧ ਤੋਂ ਬਣੀਆਂ ਵਸਤਾਂ ਵਰਤਦੇ ਸਨ। ਮਾਸ ਤੇ ਸ਼ਰਾਬ ਦੀ ਵਰਤੋਂ ਦਾ ਵੀ ਜ਼ਿਕਰ ਹੈ।

ਹਿੰਦੂ ਅਤੇ ਮੁਸਲਮਾਨਾਂ ਦਾ ਮੁਰਦਾ ਸਰੀਰਾਂ ਨੂੰ ਨਿਪਟਾਉਣ ਬਾਰੇ ਪਤਾ ਲਗਦਾ ਹੈ। ਹਿੰਦੂ ਮੁਰਦੇ ਨੂੰ ਜਲਾਉਂਦੇ ਸਨ। ਮੁਸਲਮਾਨ ਮੁਰਦੇ ਨੂੰ ਦੱਬਦੇ ਜਾਂ ਦਫਨ ਕਰਦੇ ਸਨ ਤੇ ਪਾਰਸੀ ਉਸ ਨੂੰ ਗਿੱਧਾਂ ਆਦਿ ਦੇ ਖਾਣ ਲਈ ਸੁੱਟ ਦਿੰਦੇ ਸਨ। ਜਨੇਊ ਪਹਿਨਣਾ, ਤਿਲਕ ਲਾਉਣਾ, ਮਾਲਾ ਜਪਣਾ, ਧੋਤੀ ਪਹਿਨਣਾ ਅਤੇ ਜਨਮ ਮੌਤ ਅਤੇ ਵਿਆਹ ਆਦਿ ਦੇ ਸਮੇਂ ਅਨੇਕਾਂ ਪ੍ਰਕਾਰ ਦੀਆਂ ਰਸਮਾਂ ਕਰਨਾ ਹਿੰਦੂ ਸਮਾਜ ਵਿਚ ਆਮ ਗੱਲ ਸੀ। ਇਸ ਤਰ੍ਹਾਂ ਮੁਸਲਮਾਨਾਂ ਦੇ ਆਪਣੇ ਰਸਮ-ਰਿਵਾਜ ਸਨ। ਗੁਰੂ ਅਤੇ ਭਗਤਾਂ ਨੇ ਦਸਿਆ ਕਿ ਇਸ ਕਰਮ-ਕਾਂਡ ਤੇ ਰਸਮਾਂ ਬਿਲਕੁਲ ਥੋਥੀਆਂ ਹਨ ਤੇ ਇਨ੍ਹਾਂ ਨੂੰ ਮੁਕਤੀ ਅਤੇ ਆਤਮਿਕ ਉਨਤੀ ਲਈ ਬੇਲੋੜਾ ਦੱਸਿਆ। ਸਾਨੂੰ ਪੰਡਤਾਂ ਦੇ ਵਿਦਵਾਨ ਹੋਣ ਦੇ ਹਵਾਲੇ ਮਿਲਦੇ ਹਨ ਜੋ ਆਪਣੇ ਹੀ ਗਿਆਨ ਵਿਚ ਖੁਸ਼ ਸਨ। ਵਿਦਵਾਨਾਂ ਦੀਆਂ ਬਹਿਸਾਂ ਬਾਰੇ ਪਤਾ ਲਗਦਾ ਹੈ ਭਾਵ ਵਿਦਵਾਨ ਆਪਸ ਵਿਚ ਲੰਮੀਆਂ ਬਹਿਸਾਂ (ਗੋਸ਼ਟੀਆਂ) ਕਰਦੇ ਰਹਿੰਦੇ ਸਨ। ਅਸੀਂ ਪਵਿੱਤਰ ਗ੍ਰੰਥ ਵਿਚ ਇਹ ਵੀ ਪੜ੍ਹਦੇ ਹਾਂ ਕਿ ਕੁਝ ਲੋਕ ਨੰਗੇ ਜੰਗਲਾਂ ਵਿਚ ਘੁੰਮਦੇ ਸਨ, ਕੁਝ ਪਿੰਡੇ ਤੇ ਸੁਆਹ ਮਲ ਕੇ ਸੰਨਿਆਸੀਆਂ ਦਾ ਜੀਵਨ ਬਤੀਤ ਕਰਦੇ ਸਨ ਤੇ ਕੁਝ ਵਰ੍ਹਿਆਂ ਬੱਧੀ ਮੋਨ ਧਾਰਨ ਕਰਦੇ ਸਨ ਭਾਵ ਚੁੱਪ ਰਹਿ ਕੇ ਭਗਤੀ ਕਰਦੇ ਸਨ।

ਜਾਤੀ ਪ੍ਰਥਾ ਹਿੰਦੂ ਸਮਾਜ ਦਾ ਪ੍ਰਮੁੱਖ ਲੱਛਣ ਸੀ। ਹਿੰਦੂ ਸਮਾਜ ਚਾਰ ਜਾਤਾਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਤੇ ਇਹ ਅੱਗੋਂ ਉਪ-ਜਾਤਾਂ ਵਿਚ ਵੰਡਿਆ ਹੋਇਆ ਸੀ। ਉਚੀਆਂ ਜਾਤਾਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਮਾੜਾ ਵਿਵਹਾਰ ਕਰਦੇ ਸਨ। ਅਜਿਹੀ ਹਾਲਤ ਵਿਚ ਗੁਰੂ ਨਾਨਕ ਜੀ ਨੇ ਜਾਤੀ ਪ੍ਰਥਾ ਦੀ ਨਿਖੇਧੀ ਕੀਤੀ ਤੇ ਹਿੰਦੂਆਂ ਦੇ ਜਾਤ-ਅਭਿਮਾਨ ਤੇ ਤਕੜਾ ਹਮਲਾ ਕਰਕੇ ਲੋਕਾਂ ਵਿਚ ਆਪਸੀ ਭਾਈਚਾਰੇ ਦਾ ਉਪਦੇਸ਼ ਦਿੱਤਾ।

ਆਦਿ ਗ੍ਰੰਥ ਵਿਚੋਂ ਸਾਨੂੰ ਇਹ ਹਵਾਲੇ ਵੀ ਮਿਲਦੇ ਹਨ ਕਿ ਤਕੜਾ ਮਾੜੇ ਉੱਤੇ, ਰਾਜਾ ਪਰਜਾ ਉੱਤੇ, ਉਪਰਲੀਆਂ ਸ਼੍ਰੇਣੀਆਂ ਹੇਠਲੀਆਂ ਉੱਤੇ ਅਤੇ ਆਦਮੀ ਔਰਤ ਤੇ ਜ਼ੁਲਮ ਕਰਦਾ ਸੀ। ਵਹਿਮਾਂ-ਭਰਮਾਂ, ਰਿਵਾਜਾਂ ਤੇ ਕਰਮ-ਕਾਂਡਾਂ ਨੇ ਆਮ ਲੋਕਾਂ ਦਾ ਜੀਵਨ ਬਿਲਕੁਲ ਔਖਾ ਬਣਾਇਆ ਹੋਇਆ ਸੀ। ਆਪਣੀਆਂ ਰਚਨਾਵਾਂ ਵਿਚ ਗੁਰੂਆਂ ਤੇ ਭਗਤਾਂ ਨੇ ਉਪਰੋਕਤਾਂ ਰਸਮਾਂ ਤੇ ਕਰਮ ਕਾਂਡਾਂ ਦਾ ਜ਼ੋਰਦਾਰ ਖੰਡਨ ਕੀਤਾ ਤੇ ਇਨ੍ਹਾਂ ਨੂੰ ਬੇਲੋੜੀਆਂ ਤੇ ਬੇਅਰਥ ਦੱਸਿਆ। ਇਸ ਤਰ੍ਹਾਂ ਦਸ ਗੁਰੂ ਸਾਹਿਬਾਨ ਨੇ ਆਪਣੀਆਂ ਲਿਖਤਾਂ ਰਾਹੀਂ ਸਮਾਜ ਨੂੰ ਪਵਿੱਤਰ ਤੇ ਸਾਫ਼ ਬਣਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਗੁਰੂ ਅਜਿਹੇ ਤੰਦਰੁਸਤ ਸਮਾਜ ਦੀ ਸਥਾਪਨਾ ਕਰਨੀ ਚਾਹੁੰਦੇ ਹਨ ਜੋ ਜਾਤੀਵਾਦ, ਸੰਪਰਦਾਇਕਤਾ, ਮੂਰਤੀ ਪੂਜਾ ਅਤੇ ਫੋਕੇ ਵਹਿਮਾਂ ਤੋਂ ਉੱਪਰ ਹੋਵੇ। ਉਨ੍ਹਾਂ ਹਿੰਦੂ ਤੇ ਮੁਸਲਮਾਨਾਂ ਨੂੰ ਸਾਰਿਆਂ ਦੇ ਸਾਂਝੇ ਇਕੋ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੱਤਾ।

## ਧਾਰਮਿਕ ਹਾਲਤ

ਆਦਿ ਗ੍ਰੰਥ ਲੋਕਾਂ ਦੀ ਧਾਰਮਿਕ ਹਾਲਤ ਦੀ ਡੂੰਘੀ ਜਾਣਕਾਰੀ ਦਿੰਦਾ ਹੈ ਕਿ ਹਿੰਦੂਆਂ ਤੇ ਮੁਸਲਮਾਨ ਪੁਜਾਰੀਆਂ ਦਾ ਆਪਣੇ-ਆਪਣੇ ਧਰਮ ਤੇ ਗਲਬਾ ਤੇ ਕਬਜ਼ਾ ਸੀ। ਕਾਜ਼ੀ ਇਨਸਾਫ ਕਰਨ ਦਾ ਕੰਮ

ਕਰਦੇ ਤੇ ਮਾਲਾ ਦੇ ਮਣਕੇ ਜਪਦੇ ਪਰ ਰਿਸ਼ਵਤਾਂ ਲੈਂਦੇ ਤੇ ਅਨਿਆਂ ਕਰਦੇ ਸਨ। ਬ੍ਰਾਹਮਣ ਝੂਠੇ ਪਾਖੰਡ ਦੇ ਆਸਰੇ ਆਪਣੇ ਹੀ ਭਰਾਵਾਂ ਨੂੰ ਦੁੱਖ ਦਿੰਦੇ ਸਨ। ਜੋਗੀ ਜਾਂ ਤਾਂ ਸਿਰ ਨੂੰ ਸਫਾ-ਚੱਟ ਰਖਦੇ ਸਨ ਤੇ ਜਾਂ ਜਟਾਂ ਰਖ ਕੇ ਰਾਖ ਪਾਉਂਦੇ ਸਨ।

ਹਿੰਦੂ ਵੱਖ-ਵੱਖ ਦੇਵਤਿਆਂ ਨੂੰ ਪੂਜਦੇ ਸਨ। ਲੋਕ ਮੂਰਤੀਆਂ ਦੀ ਪੂਜਾ ਕਰਦੇ ਸਨ। ਉਨ੍ਹਾਂ ਦਾ ਤੀਰਥ ਯਾਤਰਾ ਵਿਚ ਬਹੁਤ ਹੀ ਵਿਸ਼ਵਾਸ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਦਰਿਆ ਗੰਗਾ ਵਿਚ ਨਹਾਤਿਆਂ ਪਾਪ ਧੋਤੇ ਜਾਂਦੇ ਹਨ। ਲੋਕ ਅਸਲੀਅਤ ਨੂੰ ਛੱਡ ਕੇ ਪਰਛਾਈ ਦੇ ਪਿਛੇ ਦੌੜ ਰਹੇ ਸਨ।

ਇਸਲਾਮ ਬਾਰੇ ਵੀ ਆਦਿ ਗ੍ਰੰਥ ਵਿਚ ਅਨੇਕ ਹਵਾਲੇ ਹਨ ਕਿ ਮੁਸਲਮਾਨ ਲੋਕ ਵੀ ਤਰ੍ਹਾਂ-ਤਰ੍ਹਾਂ ਦੀਆਂ ਫੋਕੀਆਂ ਰਸਮਾਂ ਤੇ ਰਿਵਾਜ਼ਾਂ ਵਿਚ ਉਲਝੇ ਹੋਏ ਸਨ। ਮੱਧਕਾਲ ਤਕ ਇਸਲਾਮ ਦੀ ਸਾਦਗੀ ਖਤਮ ਹੋ ਚੁੱਕੀ ਸੀ ਤੇ ਮੁਸਲਮਾਨ ਵੀ ਕਈ ਤਰ੍ਹਾਂ ਦੀਆਂ ਫੋਕੀਆ ਰਸਮਾਂ ਵਿਚ ਵਿਸ਼ਵਾਸ ਕਰਨ ਲਗ ਪਏ ਸਨ। ਗੁਰੂ ਨਾਨਕ ਕਿਹਾ ਕਰਦੇ ਸਨ ਕਿ ਮੈਨੂੰ ਹਿੰਦੂ ਤੇ ਮੁਸਲਿਮ ਧਰਮਾਂ ਵਿਚ ਕੋਈ ਧਰਮ ਦਾ ਸੱਚਾ ਸ਼ਰਧਾਲੂ ਨਜ਼ਰ ਨਹੀਂ ਆਉਂਦਾ। ਮੁਸਲਮਾਨ ਪੁਜਾਰੀ ਜਮਾਤ ਬਹੁਤ ਹੀ ਕੱਟੜ ਤੇ ਗੈਰ-ਮੁਸਲਮਾਨਾਂ ਦੀਆਂ ਤਕਲੀਫਾਂ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਸੀ।

## ਆਰਥਿਕ ਹਾਲਤ

ਭਾਵੇਂ ਕਿ ਦੇਸ਼ ਦੀ ਆਰਥਿਕ ਹਾਲਤ ਬਾਰੇ ਗੁਰੂ ਗ੍ਰੰਥ ਵਿਚ ਕੋਈ ਵਿਚਾਰ ਨਹੀਂ ਕੀਤਾ ਗਿਆ ਕਿਉਂਕਿ ਇਹ ਅੰਤਿਮ ਤੌਰ ਤੇ ਇਕ ਪਵਿੱਤਰ ਧਾਰਮਿਕ ਗ੍ਰੰਥ ਹੈ ਪਰੰਤੂ ਲੋਕਾਂ ਦੀ ਮਾਲੀ ਹਾਲਤ ਬਾਰੇ ਅਨੇਕਾਂ ਸੰਕੇਤ ਮਿਲਦੇ ਹਨ। ਸਾਨੂੰ ਮੌਸਮਾਂ ਤੇ ਨਹਿਰਾਂ ਤੇ ਖੂਹਾਂ ਦੁਆਰਾ ਸਿੰਚਾਈ ਕਰਨ ਬਾਰੇ ਪਤਾ ਲਗਦਾ ਹੈ। ਕਿਸਾਨ, ਦਾਲਾਂ, ਕਪਾਹ, ਗੰਨਾ, ਕਣਕ, ਮੱਕੀ, ਜਵਾਰ, ਜੌਂ, ਛੋਲੇ ਤੇ ਚੌਲ ਆਦਿ ਫਸਲਾਂ ਦੀ ਖੇਤੀ ਕਰਦੇ ਸਨ। ਲੋਕ ਦੁੱਧ ਤੇ ਦੁੱਧ ਦੇ ਪਦਾਰਥਾਂ ਦਹੀਂ, ਘਿਉ ਤੇ ਮੱਖਣ ਦੀ ਵਰਤੋਂ ਬਹੁਤ ਜ਼ਿਆਦਾ ਕਰਦੇ ਸਨ। ਗੁਰੂ ਲੋਕਾਂ ਦੀ ਆਰਥਿਕ ਹਾਲਤ ਤੋਂ ਜਾਣੂ ਸਨ ਅਤੇ ਗੈਰ-ਮੁਸਲਿਮ ਲੋਕਾਂ ਦੀ ਆਰਥਿਕ ਤੰਗੀ ਤੋਂ ਵੀ ਵਾਕਫ਼ ਸਨ। ਦੇਸ਼ ਦੀ ਮਾਲੀ ਹਾਲਤ ਵਿਚ ਜੱਟ ਦੀ ਕਿਸਾਨ ਦੇ ਰੂਪ ਵਿਚ ਕੀ ਥਾਂ ਸੀ ਇਸ ਦਾ ਵੀ ਜ਼ਿਕਰ ਕੀਤਾ ਹੋਇਆ ਮਿਲਦਾ ਹੈ।

ਪੰਜਾਬ ਮੁੱਖ ਤੌਰ ਤੇ ਖੇਤੀ ਪ੍ਰਧਾਨ ਸੂਬਾ ਸੀ ਤੇ ਇਸ ਦੀ ਅੱਧੀ ਤੋਂ ਵੱਧ ਆਬਾਦੀ ਖੇਤੀਬਾੜੀ ਕਰਦੀ ਸੀ। ਕਿਸਾਨ ਖੇਤੀ ਦੇ ਪੁਰਾਣੇ ਢੰਗਾਂ ਦੀ ਵਰਤੋਂ ਕਰਦੇ ਸਨ। ਖੇਤੀ ਸੰਬੰਧੀ ਕਈ ਹਵਾਲੇ ਮਿਲਦੇ ਹਨ। ਉਦਾਹਰਣ ਦੇ ਤੌਰ ਤੇ ਦੱਬ ਕੇ ਵਾਹ ਤੇ ਰੱਜ ਕੇ ਖਾਹ, ਖੇਤ ਲਈ ਖਾਦ ਤੇ ਰਾਜੇ ਲਈ ਫੌਜ। ਕਿਸਾਨਾਂ ਨੂੰ ਛੱਡ ਕੇ ਬਾਕੀ ਲੋਕਾਂ ਵਿਚੋਂ ਬਹੁਤੇ ਛੋਟੇ ਉਦਯੋਗ ਧੰਦਿਆਂ ਵਿਚ ਲੱਗੇ ਹੋਏ ਸਨ। ਬਹੁਤ ਥੋੜ੍ਹੇ ਲੋਕ ਹੀ ਅਮੀਰ ਸਨ ਜਦੋਂ ਕਿ ਬਾਕੀ ਲੋਕ ਸਾਧਾਰਣ ਜ਼ਿੰਦਗੀ ਬਤੀਤ ਕਰਦੇ ਸਨ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਵਪਾਰ ਤੇ ਉਦਯੋਗ ਲਈ ਲੋੜੀਂਦੀ ਸ਼ਾਂਤੀ ਕਦੀ ਵੀ ਨਹੀਂ ਮਿਲੀ। ਪਿੰਡਾਂ ਵਿਚ ਘਰੇਲੂ ਉਦਯੋਗ ਸਨ ਜੋ ਉਥੋਂ ਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਸਨ।

ਆਮ ਤੌਰ ਤੇ ਹਿੰਦੂ ਬਾਣੀਆਂ ਦਾ ਦੇਸ਼ ਦੇ ਵਿੱਤੀ ਪ੍ਰਬੰਧ ਤੇ ਪੂਰਾ ਕਬਜ਼ਾ ਸੀ। ਕਿਸਾਨ ਤੋਂ ਸ਼ਾਹੂਕਾਰ ਵਿਆਜ ਬਹੁਤ ਵਸੂਲ ਕਰਦੇ ਸਨ। ਕਿਸਾਨਾਂ ਦਾ ਜੀਵਨ ਪੱਧਰ ਉੱਚਾ ਨਹੀਂ ਸੀ। ਤੋਲ ਦੇ ਪੈਮਾਨੇ ਹੇਰਾਫੇਰੀ ਵਾਲੇ ਸਨ ਤੇ ਮਿਲਾਵਟ ਆਮ ਕੀਤੀ ਜਾ ਸਕਦੀ ਸੀ। ਆਦਿ ਗ੍ਰੰਥ ਵਿਚ ਜੁਲਾਹੇ, ਮੋਚੀ, ਕਿਸਾਨ, ਕਾਰੀਗਰਾਂ ਤੇ ਵਪਾਰੀਆਂ ਆਦਿ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਭਾਵੇਂ ਉਨ੍ਹਾਂ ਦੀ ਵਰਤੋਂ ਕਿਸੇ ਹੋਰ ਸੰਦਰਭ ਵਿਚ ਕੀਤੀ ਗਈ ਹੇ ਪਰ ਇਨ੍ਹਾਂ ਕਿੱਤਿਆਂ ਦੀ ਹੋਂਦ ਦਾ ਪਤਾ ਤਾਂ ਚਲਦਾ ਹੀ ਹੈ। ਇਤਿਹਾਸਕ ਪੱਖੋਂ ਗੁਰੂ ਗ੍ਰੰਥ ਦਾ ਅਜੇ ਤੱਕ ਅਧਿਐਨ ਨਹੀਂ ਹੋਇਆ ਪਰ ਇਹ ਅਜਿਹੇ ਹਵਾਲਿਆਂ

ਨਾਲ ਭਰਿਆ ਪਿਆ ਹੈ ਜਿਨ੍ਹਾਂ ਤੋਂ ਮੱਧਕਾਲੀ ਸਮਾਜ ਦਾ ਧਾਰਮਿਕ, ਆਰਥਿਕ ਤੇ ਰਾਜਨੀਤਿਕ ਨਕਸ਼ਾ ਉਘੜਕੇ ਸਾਹਮਣੇ ਆਉਂਦਾ ਹੈ।

## ਹੋਰ ਅਧਿਐਨ ਲਈ ਪੁਸਤਕਾਂ ਦਾ ਵੇਰਵਾ


1. ਗੁਰੂ ਗ੍ਰੰਥ ਸਾਹਿਬ : ਡਾ. ਗੋਪਾਲ ਸਿੰਘ
2. ਏ ਹਿਸਟਰੀ ਆਫ਼ ਦਾ ਸਿਖਸ : ਕਨਿੰਘਮ
3. ਤਵਾਰੀਖ ਗੁਰੂ ਖਾਲਸਾ : ਗਿਆਨੀ ਗਿਆਨ ਸਿੰਘ
4. ਦਾ ਸਿੱਖ ਰਿਲੀਜ਼ਨ : ਮੈਕਾਲਿਫ਼
5. ਏ ਸ਼ਾਰਟ ਹਿਸਟਰੀ ਆਫ਼ ਦਾ ਸਿੱਖਸ : ਤੇਜਾ ਸਿੰਘ, ਗੰਡਾ ਸਿੰਘ
6. ਹਿਸਟਰੀ ਆਫ਼ ਸਿੱਖਸ : ਖੁਸ਼ਵੰਤ ਸਿੰਘ

ਪਾਠ ਨੰ. 2.3

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਜ਼ਿੰਮੇਵਾਰ ਹਾਲਾਤ ਅਤੇ ਮਹੱਤਵ

ਗੁਰੂ ਨਾਨਕ ਦੇ ਉਤਰਾਧਿਕਾਰੀਆਂ ਵਲੋਂ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਕੰਮਾਂ ਨੇ, ਗੁਰੂ ਅਰਜਨ ਦੇਵ ਜੀ ਕੋਲ ਗੁਰਿਆਈ ਆਉਣ ਤੱਕ, ਸਿੱਖਾਂ ਦੀ ਅਲੱਗ ਪਹਿਚਾਣ ਸਥਾਪਿਤ ਕਰ ਦਿੱਤੀ ਸੀ। ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ, "ਹਿੰਦੂ ਅਤੇ ਸਿੱਖ ਵਿਚ ਫ਼ਰਕ ਪ੍ਰਤੱਖ ਹੋ ਗਿਆ ਸੀ ਅਤੇ ਸਿੱਖ ਹੌਲੀ-ਹੌਲੀ ਸਨਾਤਨੀ ਹਿੰਦੂ ਸਮਾਜ ਤੋਂ ਵੱਖ ਹੋਣੇ ਸ਼ੁਰੂ ਹੋ ਗਏ ਸਨ ਅਤੇ ਉਹ ਆਪਣੇ ਆਪ ਵਿਚ ਇਕ ਜਮਾਤ ਤੇ ਆਪਣਾ ਇਕ ਭਾਈਚਾਰਾ ਉਸਾਰ ਚੁੱਕੇ ਸਨ। ਸਿੱਖਾਂ ਨੇ ਗਰੀਬਾਂ ਤੇ ਲੋੜਵੰਦਾਂ ਲਈ ਮੁਫ਼ਤ ਲੰਗਰ ਦਾ ਪ੍ਰਬੰਧ ਕੀਤਾ। ਸੰਗਤ ਤੇ ਪੰਗਤ ਦੀ ਪ੍ਰਥਾ ਨੇ ਜਾਤੀ ਪ੍ਰਥਾ ਦੇ ਬੰਧਨਾਂ ਨੂੰ ਖਤਮ ਕਰਨ ਵਿਚ ਸਮਾਜਿਕ ਅਸਮਾਨਤਾਵਾਂ ਨੂੰ ਪੱਧਰਾ ਕਰਨ ਵਿਚ ਬਹੁਤ ਹੀ ਮੱਦਦ ਕੀਤੀ। ਮੰਜੀ ਪ੍ਰਥਾ ਤੇ ਗੋਇੰਦਵਾਲ ਵਿਖੇ ਬਾਉਲੀ ਦੀ ਖੁਦਾਈ ਨੇ ਸਿੱਖ ਧਰਮ ਦੇ ਵਿਕਾਸ ਤੇ ਸਿੱਖ ਸਮਾਜ ਦੇ ਵਾਧੇ ਵਿਚ ਬਹੁਤ ਵੱਡਾ ਹਿੱਸਾ ਪਾਇਆ। ਗੈਰ-ਸਿੱਖ ਇਸ ਵਿਕਾਸ ਨੂੰ ਹਮਦਰਦੀ ਨਾਲ ਨਹੀਂ ਦੇਖ ਰਹੇ ਸਨ।"

**ਸਿੱਖੀ ਦੇ ਵਿਕਾਸ ਲਈ ਗੁਰੂ ਅਰਜਨ ਦੇਵ ਜੀ ਦੀਆਂ ਯੋਜਨਾਵਾਂ :**

ਗੁਰੂ ਜੀ ਨੇ ਪੰਜਾਬ ਵਿਚ ਸਿੱਖ ਧਰਮ ਦੇ ਵਿਕਾਸ ਲਈ ਬਹੁਤ ਵੱਡੀਆਂ-ਵੱਡੀਆ ਯੋਜਨਾਵਾਂ ਤਿਆਰ ਕੀਤੀਆਂ। ਉਨ੍ਹਾਂ ਨੇ ਅੰਮ੍ਰਿਤਸਰ ਅਤੇ ਸੰਤੋਖਸਰ ਦੇ ਸਰੋਵਰ ਖੁਦਵਾਏ ਅਤੇ ਇਸ ਤਰ੍ਹਾਂ ਸਿੱਖਾਂ ਨੂੰ (ਧਾਰਮਿਕ ਯਾਤਰਾ ਲਈ) ਤੀਰਥ ਪ੍ਰਦਾਨ ਕੀਤੇ। ਮਾਂਝੇ ਦੇ ਕੇਂਦਰ ਵਿਚ ਤਰਨਤਾਰਨ ਅਤੇ ਦੁਆਬੇ ਵਿਚ ਕਰਤਾਰਪੁਰ ਵਸਾ ਕੇ ਉਨ੍ਹਾਂ ਨੇ ਸਿੱਖਾਂ ਨੂੰ ਆਪਣੇ-ਆਪਣੇ ਇਲਾਕੇ ਵਿਚ ਮਿਲ ਬੈਠਣ ਦੇ ਸਥਾਨ ਦਿੱਤੇ। ਗੁਰੂ ਨਾਨਕ ਸਾਹਿਬ ਦੇ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਲਈ, ਧਨ ਇਕੱਠਾ ਕਰਨ ਵਾਸਤੇ ਮਸੰਦ ਪ੍ਰਥਾ ਨੂੰ ਚੰਗੀ ਤਰ੍ਹਾਂ ਜਥੇਬੰਦ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਲਈ ਕਈ ਸਮਾਜਿਕ ਸੁਧਾਰ ਕੀਤੇ। ਸਿੱਖਾਂ ਨੂੰ ਵਪਾਰ ਤੇ ਉਦਯੋਗ ਨੂੰ ਵਧਾਉਣ ਅਤੇ ਆਰਥਿਕ ਤੌਰ ਤੇ ਤਕੜੇ ਹੋਣ ਲਈ ਲਾਹੇਵੰਦ ਕਿੱਤੇ ਅਪਨਾਉਣ ਲਈ ਉਤਸ਼ਾਹਿਤ ਕੀਤਾ । ਗੁਰੂ ਸਾਹਿਬ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਸਮੁਦਾਇ ਦੀ ਧਾਰਮਿਕ ਗ੍ਰੰਥ ਦੀ ਦੇਰ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕੀਤਾ। ਉਨ੍ਹਾਂ ਨੇ ਧਰਮ ਪ੍ਰਚਾਰ ਲਈ ਦੌਰੇ ਕੀਤੇ ਤੇ ਬਾਦਸ਼ਾਹ ਅਕਬਰ ਨਾਲ ਚੰਗੇ ਸੰਬੰਧ ਬਣਾ ਕੇ ਆਪਣੇ ਪ੍ਰਭਾਵ ਅਧੀਨ ਬਾਦਸ਼ਾਹ ਪਾਸੋਂ ਪੰਜਾਬ ਵਿਚ ਮਾਲੀਏ ਦਾ ਕੁਝ ਭਾਗ ਮਾਫ਼ ਕਰਵਾਇਆ। ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਕੰਮਾਂ ਨੇ ਪੰਜਾਬ ਵਿਚ ਸਿੱਖ ਲਹਿਰ ਨੂੰ ਬਹੁਤ ਵਧਾਇਆ। ਇਨ੍ਹਾਂ ਸੰਸਥਾਪਕ ਪ੍ਰਾਪਤੀਆਂ ਨੇ ਹਿੰਦੂ ਤੇ ਮੁਸਲਮਾਨ ਪੁਜਾਰੀ ਜਮਾਤ ਵਿਚ ਗੁਰੂ ਜੀ ਵਿਰੁੱਧ ਕੁੜੱਤਣ ਵਧਾ ਦਿੱਤੀ। ਉਹ ਗੁਰੂ ਜੀ ਦੇ ਖਿਲਾਫ ਸ਼ਿਕਾਇਤਾਂ ਲੈ ਕੇ ਬਾਦਸ਼ਾਹ ਕੋਲ ਗਏ। ਅਕਬਰ ਗੁਰੂ ਜੀ ਦੇ ਮਿਸ਼ਨ ਤੋਂ ਭਲੀ ਭਾਂਤ ਜਾਣੂ ਸੀ ਅਤੇ ਉਸ ਨੇ ਗੁਰੂ ਜੀ ਦੇ ਖਿਲਾਫ਼ ਕੋਈ ਕਦਮ ਨਾ ਚੁੱਕਿਆ। ਪਰੰਤੂ ਅਕਬਰ ਦੇ ਉਤਰਾਧਿਕਾਰੀ ਜਹਾਂਗੀਰ ਦੇ ਸਮੇਂ ਸਥਿਤੀ ਬਦਲ ਗਈ।

**ਗੁਰਗੱਦੀ ਦਾ ਦਾਵੇਦਾਰ ਵਲੋਂ ਵਿਰੋਧਤਾ** ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਵਿਚੋਂ ਕਿਸੇ ਨੂੰ ਗੁਰਗੱਦੀ ਲਈ ਨਾ ਵਿਚਾਰਿਆ। ਉਨ੍ਹਾਂ ਦੇ ਪੁੱਤਰ ਸ੍ਰੀ ਚੰਦ ਨੇ ਅਲੱਗ ਉਦਾਸੀ ਸੰਪਰਦਾਏ ਬਣਾ ਲਈ। ਇਸੇ ਤਰ੍ਹਾਂ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੇ ਪੁੱਤਰਾਂ ਨੇ ਗੁਰੂਆਂ ਦੀ ਵਿਰੋਧਤਾ ਕੀਤੀ ਤੇ ਉਨ੍ਹਾਂ ਲਈ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ। ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰਾਂ ਵਿਚੋਂ ਅਰਜਨ ਦੇਵ ਸਭ ਤੋਂ ਛੋਟੇ ਸਨ। ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਬਹੁਤ ਲਾਲਚੀ ਤੇ ਉਮੰਗੀ ਆਦਮੀ ਸੀ। ਉਹ ਇਕ ਬੁਰੇ ਦਿਮਾਗ ਤੇ ਬੁਰੀਆਂ ਭਾਵਨਾਵਾਂ ਵਾਲਾ ਇਨਸਾਨ ਸੀ ਅਤੇ ਆਪਣੇ ਭਰਾ ਦੇ ਖਿਲਾਫ ਭੈੜੀ ਤੋਂ ਭੈੜੀ ਹੱਦ ਤੀਕ ਜਾ ਸਕਦਾ ਸੀ। ਉਹ ਗੁਰੂ ਅਰਜਨ ਦੇਵ ਜੀ ਤੋਂ ਅੱਗੋਂ ਉਨ੍ਹਾਂ ਦੇ ਪੁੱਤਰ ਹਰਗੋਬਿੰਦ ਨੂੰ ਬਰਬਾਦ ਕਰਨ ਤੇ ਤੁਲਿਆ ਰਿਹਾ। ਪ੍ਰਿਥੀ ਚੰਦ ਨੇ ਆਪਣੇ ਭਰਾ ਗੁਰੂ ਅਰਜਨ ਦੇਵ ਦੇ ਖਿਲਾਫ਼ ਮੁਗ਼ਲ ਅਫ਼ਸਰਾਂ ਨਾਲ ਰਲਕੇ ਸਾਜਿਸ਼ ਰਚਣੀ ਜਾਰੀ ਰੱਖੀ। ਆਪਣੀ ਸਾਰੀ ਜ਼ਿੰਦਗੀ ਪ੍ਰਿਥੀ ਚੰਦ ਨੇ ਖੁਲ੍ਹੇ ਆਮ ਤੇ ਬਹੁਤ ਹੀ ਬੁਰੀ ਤਰ੍ਹਾਂ ਗੁਰੂ ਸਾਹਿਬ ਦੀ ਵਿਰੋਧਤਾ ਜਾਰੀ ਰੱਖੀ। ਕਈ ਵਾਰੀ ਉਹ ਮਸੰਦਾਂ ਰਾਹੀਂ ਗੁਰੂ ਲਈ ਭੇਜੀ ਰਕਮ ਖੋਹ ਲੈਂਦਾ। ਉਹ ਗੁਰੂ ਨਾਨਕ ਦੇ ਨਾਂ ਹੇਠ ਆਪਣੀ ਬਾਣੀ ਰਚ ਕੇ ਬਾਣੀ ਵਿਚ ਮਿਲਾਵਟ ਕਰਦਾ ਰਿਹਾ। ਉਹ ਸਦਾ ਹਿੰਦੂ ਤੇ ਮੁਸਲਮਾਨ ਅਫ਼ਸਰਾਂ ਨਾਲ ਗੁਰੂ ਜੀ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਲਈ ਸਾਂਠ-ਗਾਂਠ ਕਰਦਾ ਰਿਹਾ।

ਜਦੋਂ ਗੁਰੂ ਰਾਮ ਦਾਸ ਜੀ ਨੇ ਪ੍ਰਿਥੀ ਚੰਦ ਦੀ ਥਾਂ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਥਾਪਿਆ ਤਾਂ ਪ੍ਰਿਥੀ ਚੰਦ ਨੇ ਆਪਣੇ ਪਿਤਾ ਦੇ ਮੂੰਹ ਤੇ ਹੀ ਖੁਲ੍ਹੇ ਆਮ ਕਹਿ ਦਿੱਤਾ ਸੀ ਕਿ ਉਸ ਦਾ ਹੱਕ ਮਾਰਿਆ ਗਿਆ ਹੈ ਤੇ ਉਹ ਗੁਰਗੱਦੀ ਹਾਸਿਲ ਕਰਨ ਲਈ ਆਪਣੇ ਹੱਕ ਪ੍ਰਾਪਤ ਕਰਨ ਲਈ ਪੂਰੇ ਯਤਨ ਕਰੇਗਾ ਤੇ ਆਪਣਾ ਹੱਕ ਦੁਬਾਰਾ ਹਾਸਿਲ ਕਰੇਗਾ। ਉਹ ਲਾਹੌਰ ਦੇ ਇਕ ਮਹਾਂ ਬਦਨਾਮ ਅਫਸਰ ਸੁਲਹੀ ਖਾਨ ਨਾਲ ਗਠਜੋੜ ਕਰਕੇ ਗੁਰੂ ਸਾਹਿਬ ਵਿਰੁੱਧ ਸਾਜਿਸ਼ਾਂ ਕਰਦਾ ਰਿਹਾ। ਗੁਰੂ ਜੀ ਨੇ ਬਿਲਾਵਲ ਰਾਗ ਦੀ ਇਕ ਰਚਨਾ ਵਿਚ ਜੋ ਆਦਿ ਗ੍ਰੰਥ ਵਿਚ ਦਰਜ ਹੈ ਵਿਚ ਸੁਲਹੀ ਖਾਨ ਦਾ ਜ਼ਿਕਰ ਕੀਤਾ ਹੈ ਉਹ ਲਿਖਦੇ ਹਨ ਕਿ ਸੁਲਹੀ ਖਾਨ ਦੀ ਕਰੜੀ ਵਿਰੋਧਤਾ ਤੋਂ ਪਰਮਾਤਮਾ ਨੇ ਉਨ੍ਹਾਂ ਨੂੰ ਬਚਾਇਆ ਹੈ ਜੋ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਤੇ ਆਪ ਬੁਰੀ ਮੌਤ ਮਰਿਆ।

ਸਿੱਖ ਰਵਾਇਤ ਅਨੁਸਾਰ ਪ੍ਰਿਥੀਏ ਨੇ ਚੰਦੂ ਸ਼ਾਹ ਨਾਲ ਵੀ ਗਠਜੋੜ ਕੀਤਾ। ਚੰਦੂ ਸ਼ਾਹ ਆਪਣੀ ਪੁੱਤਰੀ ਦੀ ਸਗਾਈ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਨਾਲੋਂ ਟੁੱਟਣ ਕਰਕੇ ਬਹੁਤ ਨਾਰਾਜ਼ ਸੀ ਤੇ ਉਸ ਦੇ ਗੁਰੂ ਜੀ ਨਾਲ ਸੰਬੰਧ ਚੰਗੇ ਨਹੀਂ ਸਨ। ਪਰੰਤੂ ਡਾਕਟਰ ਗੰਡਾ ਸਿੰਘ ਅਨੁਸਾਰ ਤੁਜ਼ਕੇ-ਜਹਾਂਗੀਰੀ ਜਾਂ ਸਮਕਾਲੀ ਕਿਸੇ ਵੀ ਪੁਸਤਕ ਵਿਚ ਚੰਦੂ ਸ਼ਾਹ ਦਾ ਵਰਨਣ ਨਹੀਂ ਮਿਲਦਾ। ਇਸੇ ਇਤਿਹਾਸਕਾਰ ਦੇ ਅਨੁਸਾਰ ਮੈਕਾਲਿਫ, ਫੋਰਸਟਰ ਤੇ ਕਨਿੰਘਮ ਦੀ ਇਹ ਲਿਖਤ ਕਿ ਚੰਦੂ ਬਾਦਸ਼ਾਹ ਦਾ ਦੀਵਾਨ ਜਾਂ ਖਜਾਨਾ ਮੰਤਰੀ ਸੀ, ਗਲਤ ਹੈ। ਸੰਭਵ ਹੈ ਕਿ ਚੰਦੂ ਸ਼ਾਹ ਮੁਗ਼ਲ ਸਰਕਾਰ ਦਾ ਕੋਈ ਮਾਮੂਲੀ ਅਫ਼ਸਰ ਹੋਵੇ, ਪਰ ਉਸ ਦੀ ਪਹੁੰਚ ਸਮਰਾਟ ਤਕ ਨਹੀਂ ਸੀ।

### ਸਰਹੰਦ ਦੇ ਨਕਸ਼ਬੰਦੀਆ ਦੀ ਵਿਰੋਧਤਾ

ਡਾਕਟਰ ਗੰਡਾ ਸਿੰਘ, ''ਗੁਰੂ ਅਰਜਨ ਦੇਵ ਦੀ ਸ਼ਹੀਦੀ ਮੁੜ ਵਿਚਾਰ'' ਵਿਚ ਲਿਖਦੇ ਹਨ ਕਿ ਜਹਾਂਗੀਰ ਬਾਦਸ਼ਾਹ ਆਪਣੇ ਰਾਜਨੀਤਿਕ, ਹਿੱਤ ਕਾਰਨ ਇਸਲਾਮ ਧਰਮ ਦਾ ਸਮਰਥਕ ਬਣ ਗਿਆ ਸੀ। ਉਸ ਸਮੇਂ ਨਕਸ਼ਬੰਦੀਆਂ ਨਾਲ ਉਨ੍ਹਾਂ ਦੇ ਨੇਤਾ (ਸ਼ੇਖ ਅਹਿਮਦ ਸਰਹੰਦੀ) ਮੁਜ਼ੱਦਿਦ ਅਲਫਸਾਨੀ ਸੀ। ਇਹ ਇਸਲਾਮ ਧਰਮ ਦੀ ਬਹਾਲੀ ਦੇ ਹਾਮੀ ਸਨ ਅਤੇ ਨਾਲ ਹੀ ਧਰਮ ਰੱਖਿਆ ਦਾ ਦਾਅਵਾ ਕਰਦੇ ਸਨ। ਸ਼ੇਖ ਫਰੀਦ ਬੁਖਾਰੀ ਜਿਸ ਨੂੰ ਬਾਅਦ ਵਿਚ ਨਵਾਬ ਮੁਰਤਜਾ ਖਾਨ ਕਿਹਾ ਗਿਆ ਤੇ

ਦਿੱਲੀ ਦਾ ਤਖਤ ਪ੍ਰਾਪਤ ਕਰਨ ਵਿਚ ਜਹਾਂਗੀਰ ਦੀ ਬਹੁਤ ਮਦਦ ਕੀਤੀ ਸੀ। ਸ਼ੇਖ ਬੁਖਾਰੀ ਤੇ ਸ਼ੇਖ ਅਹਿਮਦ ਸਰਹੰਦੀ ਆਪਸ ਵਿੱਚ ਬਹੁਤ ਨੇੜੇ ਸਨ। ਇਹ ਕੱਟੜ ਮੁਸਲਮਾਨ, ਅਕਬਰ ਨਾਲ ਉਸ ਦੀਆਂ ਧਾਰਮਿਕ ਨੀਤੀਆਂ ਕਰਕੇ ਨਾਰਾਜ਼ ਸਨ। ਡਾਕਟਰ ਗੰਡਾ ਸਿੰਘ ਦੇ ਸ਼ਬਦਾਂ ਵਿਚ, ਉਸ ਸਮੇਂ ਦੇ ਸਭ ਮੁਸਲਮਾਨ ਪੁਜਾਰੀਆਂ ਵਿਚੋਂ ਮੁਜ਼ੱਦਿਦ ਸਭ ਤੋਂ ਵੱਧ ਕੱਟੜ ਤੇ ਗੈਰ-ਮੁਸਲਿਮ ਲੋਕਾਂ ਨਾਲ ਨਫ਼ਰਤ ਨਾਲ ਵੇਖਦਾ ਸੀ ਅਤੇ ਉਹ ਸਦਾ ਮੁਸਲਮਾਨ ਅਧਿਕਾਰੀਆਂ ਤੇ ਗੈਰ-ਮੁਸਲਿਮ ਲੋਕਾਂ ਦੀ ਬੇਇਜ਼ਤੀ ਲਈ ਦਬਾਅ ਪਾਉਂਦਾ ਰਿਹਾ। ਸ਼ੇਖ ਬੁਖਾਰੀ ਮੁਸਲਿਮ ਧਰਮ ਬਹਾਲੀ ਦਾ ਸਭ ਤੋਂ ਕੱਟੜ ਸਮਰਥਕ ਸੀ।

ਸਿੱਖ ਲਹਿਰ, ਮੁਸਲਿਮ ਬਹਾਲੀ ਅੰਦੋਲਨ (Revivalist Movement) ਦੇ ਰਾਹ ਵਿਚ ਇਕ ਭਾਰੀ ਰੁਕਾਵਟ ਸੀ। ਸਿੱਖ ਲਹਿਰ ਦੇ ਵਾਧੇ ਅਤੇ ਤੇਜ਼ ਵਿਕਾਸ ਕਾਰਣ ਪੰਜਾਬ ਦੇ ਇਸਲਾਮੀਕਰਨ ਦੀ ਕ੍ਰਿਆ ਵਿਚ ਰੁਕਾਵਟ ਆ ਰਹੀ ਸੀ। ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਲਗਾਤਾਰ ਸਿੱਖ ਸ਼ਰਧਾਲੂਆਂ ਦੇ ਵਾਧੇ ਵਿਚ ਗੁਰੂ ਦੀ ਵਧਦੀ ਪ੍ਰਸਿੱਧੀ, ਸ਼ੇਖ ਅਹਿਮਦ ਸਰਹੰਦੀ ਤੇ ਆਪਣੇ ਧਰਮ ਬਦਲੀ ਕਰਵਾਉਣ ਦੇ ਕੰਮਾਂ ਵਿਚ ਰੋਕ ਪਾ ਰਹੀ ਸੀ। ਇਹੀ ਉਹ ਮਨੁੱਖ ਸੀ ਜਿਸ ਨੇ ਪੰਜਾਬ ਦੀ ਰਾਜਨੀਤੀ ਵਿਚ ਸੰਪਰਦਾਇਕ ਜ਼ਹਿਰ ਘੋਲਿਆ। ਇਸ ਲਈ ਨਕਸ਼ਬੰਦੀ ਬਹੁਤ ਗੰਭੀਰਤਾ ਨਾਲ ਗੁਰੂ ਤੇ ਗੁਰਗੱਦੀ ਦੀ ਤਬਾਹੀ ਦੀਆਂ ਯੋਜਨਾਵਾਂ ਬਣਾ ਰਹੇ ਸਨ। ਉਹ ਬਾਦਸ਼ਾਹ ਜਹਾਂਗੀਰ ਦੇ ਕੰਨਾ ਵਿਚ ਜ਼ਹਿਰ ਘੋਲਦੇ ਰਹੇ ਜਿਸ ਨੇ ਇਸ ਬਾਰੇ ਲਿਖਿਆ ਕਿ ਸਿੱਖਾਂ ਦੀ ਦੁਕਾਨ ਨੂੰ ਮੌਕਾ ਮਿਲਦਿਆਂ ਹੀ ਬੰਦ ਕਰ ਦਿੱਤਾ ਜਾਵੇਗਾ।

## ਜਹਾਂਗੀਰ ਦੀ ਨਰਾਜ਼ਗੀ

ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ ਕਿ ਜਹਾਂਗੀਰ ਨੇ ਕੱਟੜ ਮੁਸਲਮਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਆਪਣੇ ਪਿਤਾ ਅਕਬਰ ਦੀ ਧਾਰਮਿਕ ਨੀਤੀ ਬਦਲ ਦੇਵੇਗਾ। ਰਾਜ ਗੱਦੀ ਪ੍ਰਾਪਤ ਕਰਨ ਲਈ ਉਹ ਨਕਸ਼ਬੰਦੀਆਂ ਦੁਆਰਾ ਕੀਤੀ ਮਦਦ ਦਾ ਵੀ ਕਰਜ਼ਦਾਰ ਸੀ।ਆਪਣੇ ਦਾਦਾ ਵਾਂਗ ਖੁਸਰੋ ਵੀ ਉਦਾਰ ਤੇ ਸਹਿਨਸ਼ੀਲ ਸੀ ਤੇ ਕੱਟੜ ਮੁਸਲਮਾਨ ਉਸ ਨੂੰ ਨਹੀਂ ਚਾਹੁੰਦੇ ਸਨ। ਜਦੋਂ ਜਹਾਂਗੀਰ ਦੇ ਗੱਦੀ-ਨਸ਼ੀਨ ਹੋਣ ਦਾ ਐਲਾਨ ਹੋ ਗਿਆ ਤਾਂ ਉਹ ਕੱਟੜ ਮੁਸਲਮਾਨਾਂ ਵੱਲ ਝੁਕਿਆ ਹੋਇਆ ਸੀ ਤੇ ਉਨ੍ਹਾਂ ਦੀ ਸਲਾਹ ਤੇ ਚਲਦਾ ਸੀ। ਉਸ ਤੇ ਪੰਜਾਬ ਵਿਚ ਸਿੱਖ ਗੁਰੂਆਂ ਦੀਆਂ ਗਤੀਵਿਧੀਆਂ ਰੋਕਣ ਲਈ ਜ਼ੋਰ ਪਾਇਆ ਗਿਆ। ਉਸਦਾ ਵੀ ਸਿੱਖ ਵਿਰੋਧੀ ਵਤੀਰਾ ਛੁਪਿਆ ਹੋਇਆ ਨਹੀਂ ਸੀ। ਉਸ ਨੇ ਆਪਣੀ ਸਵੈ-ਜੀਵਨੀ ਤੁਜ਼ਕੇ ਜਹਾਂਗੀਰੀ ਵਿਚ ਆਪ ਗੁਰੂ ਜੀ ਦੇ ਵਿਰੁੱਧ ਲਾਏ ਦੋਸ਼ਾਂ ਅਤੇ ਦਿੱਤੀ ਸਜ਼ਾ ਬਾਰੇ ਲਿਖਿਆ ਹੈ। ਉਸ ਨੇ ਖੁਸਰੋ ਦੇ ਵਿਦਰੋਹ ਨੂੰ ਦਬਾਉਣ ਤੋਂ ਬਾਅਦ ਹੇਠ ਲਿਖੇ ਕਥਨ ਰਿਕਾਰਡ ਕੀਤੇ :

"ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਵਿਖੇ ਅਰਜਨ ਨਾਂ ਦਾ ਇਕ ਹਿੰਦੂ, ਪੀਰ ਅਤੇ ਸ਼ੇਖ ਦੇ ਭੇਸ ਵਿਚ ਬੈਠਾ ਹੈ, ਉਸ ਨੇ ਆਪਣੇ ਸਾਧਨਾਂ (ਵਸੀਲਿਆਂ) ਅਤੇ ਤਰੀਕਿਆਂ ਨਾਲ ਭੋਲੇ ਭਾਲੇ ਹਿੰਦੂਆਂ ਦੇ ਮਨ ਜਿੱਤ ਲਏ ਹਨ। ਇਹ ਹੀ ਨਹੀਂ ਸਗੋਂ ਕੁਝ ਅਗਿਆਨੀ ਅਤੇ ਮੂਰਖ ਤੇ ਮੂਰਖਤਾ-ਪੂਜ ਉਸ ਵਲ ਦੌੜੇ ਆ ਰਹੇ ਸਨ ਤੇ ਉਸ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰ ਰਹੇ ਹਨ। ਦੋ ਤਿੰਨ ਪੀੜ੍ਹੀਆ ਤੋਂ ਉਸ ਦੀ ਦੁਕਾਨ ਵਾਹਵਾ ਚਲ ਰਹੀ ਹੈ। ਲੰਮੇ ਸਮੇਂ ਤੋਂ ਇਹ ਵਿਚਾਰ ਮੇਰੇ ਦਿਮਾਗ ਵਿਚ ਘੁੰਮ ਰਿਹਾ ਹੈ ਕਿ ਜਾਂ ਤਾਂ ਮੈਂ ਉਸ ਨੂੰ ਇਸਲਾਮ ਦੇ ਝੰਡੇ ਥੱਲੇ ਲੇ ਆਵਾਂ ਤੇ ਜਾਂ ਉਸ ਦੀ ਦੁਕਾਨ ਨੂੰ ਬੰਦ ਕਰ ਦੇਵਾਂ।"

"ਅੰਤ ਜਦੋਂ ਖੁਸਰੋ ਇਸ ਰਾਹ ਤੋਂ ਲੰਘਿਆ ਤੇ ਇਸ ਨਿਗੂਣੇ ਆਦਮੀ ਨੇ ਉਸ ਨੂੰ ਮਿਲਣ ਦਾ ਇਰਾਦਾ ਬਣਾਇਆ ਅਤੇ ਉਸ ਥਾਂ ਤੇ ਜਿਥੇ ਖੁਸਰੋ ਨੇ ਪੜਾਉ ਕੀਤਾ ਹੋਇਆ ਸੀ ਇਹ ਉਸ ਨੂੰ ਮਿਲਿਆ ਅਤੇ ਉਸ ਨੂੰ ਪਹਿਲਾਂ ਹੀ ਮਿਥੀਆਂ ਕੁਝ ਗੱਲਾਂ ਦੱਸੀਆਂ ਅਤੇ ਉਸ ਦੇ ਮੱਥੇ ਤੇ ਆਪਣੀ ਉਂਗਲ ਨਾਲ ਕੇਸਰ ਦਾ ਤਿਲਕ ਲਗਾਇਆ ਜਿਸ ਨੂੰ ਹਿੰਦੂ ਬਹੁਤ ਪਵਿੱਤਰ ਮੰਨਦੇ ਹਨ। ਜਦੋਂ ਇਹ ਗੱਲ ਮੇਰੇ ਕੰਨਾਂ ਤਕ ਪਹੁੰਚੀ ਅਤੇ ਮੈਂ ਪੂਰੀ ਤਰ੍ਹਾਂ ਇਸ ਦੇ ਬਾਰੇ ਜਾਂਣੂ ਸਾਂ। ਮੈਂ ਹੁਕਮ ਦਿੱਤਾ ਕਿ ਉਸ ਦਾ ਘਰ, ਰਹਿਣ ਦੀ ਥਾਂ ਅਤੇ ਬੱਚੇ ਮੁਰਤਜ਼ਾ ਖਾਨ (ਸ਼ੇਖ ਫ਼ਰੀਦ ਬੁਖਾਰੀ) ਨੂੰ ਸੌਂਪ ਕੇ, ਉਸ ਨੂੰ (ਗੁਰੂ ਜੀ ਨੂੰ) ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਉਸ ਦੀ ਜਾਇਦਾਦ ਜ਼ਬਤ ਕਰਨ ਤੋਂ ਬਾਅਦ ਮੈਂ ਉਸ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਦਿੱਤਾ।"

### ਸ਼ਹਿਜਾਦਾ ਖੁਸਰੋ ਦਾ ਵਿਦਰੋਹ – ਤੁਰੰਤ ਕਾਰਣ

ਖੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਪੁੱਤਰ ਸੀ। ਉਸ ਦੀ ਮਾਤਾ ਮਾਨਬਾਈ ਸੀ ਜੋ ਕਿ ਭਗਵਾਨ ਦਾਸ ਦੀ ਬੇਟੀ ਅਤੇ ਅੰਬਰ ਦਾ ਰਾਜਾ ਮਾਨ ਸਿੰਘ ਦੀ ਭੈਣ ਸੀ। ਉਹ ਮਹੱਤਵਪੂਰਣ ਦਰਬਾਰੀ ਮਿਰਜ਼ਾ ਕੋਕਾ ਦਾ ਜਵਾਈ ਵੀ ਸੀ। ਜਹਾਂਗੀਰ ਨੇ ਆਪਣੇ ਵਿਵਹਾਰ ਨਾਲ ਆਪਣੇ ਪਿਤਾ ਅਕਬਰ ਨੂੰ ਆਪਣੇ ਵਿਰੁੱਧ ਕਰ ਲਿਆ ਸੀ। ਇਸ ਲਈ ਅਕਬਰ ਨੇ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਉਤਰਾਧਿਕਾਰੀ ਨਾਮਜ਼ਦ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਪਰੰਤੂ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਅਕਬਰ ਨੇ ਸਲੀਮ (ਜਹਾਂਗੀਰ) ਨੂੰ ਉਤਰਾਧਿਕਾਰੀ ਨਾਮਜ਼ਦ ਕਰ ਦਿੱਤਾ। ਖੁਸਰੋ ਬਦਲੀ ਹੋਈ ਸਥਿਤੀ ਨਾਲ ਸਮਝੋਤਾ ਨਾ ਕਰ ਸਕਿਆ। ਜਹਾਂਗੀਰ ਨੇ ਆਪਣੇ ਆਦਮੀਆਂ ਨੂੰ ਉਸ ਤੇ ਅੱਖ ਰੱਖਣ ਲਈ ਕਿਹਾ ਭਾਵੇਂ ਉਸ ਨੂੰ ਦਰਬਾਰ ਵਿਚ ਮਾਨਯੋਗ ਥਾਂ ਦਿੱਤੀ ਗਈ ਪਰੰਤੂ ਪਿਤਾ ਦੀ ਆਗਿਆ ਤੋਂ ਬਿਨ੍ਹਾਂ ਉਸ ਨੂੰ ਆਗਰੇ ਦਾ ਕਿਲ੍ਹਾ ਛੱਡਣ ਦੀ ਇਜਾਜ਼ਤ ਨਹੀਂ ਸੀ। 6 ਅਪ੍ਰੈਲ, 1605 ਦੀ ਸ਼ਾਮ ਨੂੰ ਸਿਕੰਦਰੀਆਂ ਵਿਖੇ ਅਕਬਰ ਦੇ ਮਕਬਰੇ ਤੇ ਜਾਣ ਦਾ ਬਹਾਨਾ ਕਰਕੇ ਖੁਸਰੋ ਬਾਹਰ ਨਿਕਲ ਗਿਆ ਅਤੇ ਬਹੁਤ ਤੇਜ਼ੀ ਨਾਲ ਦਿੱਲੀ ਵੱਲ ਵਧਿਆ। ਉਸ ਦੇ ਦਿੱਲੀ ਪਹੁੰਚਣ ਤੀਕ 12,000 ਆਦਮੀ ਉਸ ਦੇ ਪਿੱਛੇ ਸਨ। ਜਹਾਂਗੀਰ ਨੇ ਉਸ ਦਾ ਤੇਜ਼ੀ ਨਾਲ ਪਿੱਛਾ ਕਰਨ ਲਈ ਫੌਜ ਭੇਜੀ, ਬਾਗੀ ਸ਼ਹਿਜ਼ਾਦਾ ਦਿੱਲੀ ਤੋਂ ਲਾਹੌਰ ਵੱਲ ਨੂੰ ਚਲਾ ਗਿਆ। ਜਹਾਂਗੀਰ ਆਪ ਵੀ ਖੁਸਰੋ ਦਾ ਪਿੱਛਾ ਕਰ ਰਿਹਾ ਸੀ। ਇਹ ਕਿਹਾ ਜਾਂਦਾ ਹੈ ਕਿ ਲਾਹੌਰ ਜਾਂਦੇ ਸਮੇਂ ਖੁਸਰੋ ਗੁਰੂ ਅਰਜਨ ਦੇਵ ਜੀ ਨੂੰ ਤਰਨਤਾਰਨ ਜਾਂ ਗੋਇੰਦਵਾਲ ਵਿਖੇ ਮਿਲਿਆ । ਸ਼ਾਹੀ ਫੌਜਾਂ ਬਹੁਤ ਤੇਜ਼ੀ ਨਾਲ ਉਸ ਦਾ ਪਿੱਛਾ ਕਰ ਰਹੀਆਂ ਸਨ। ਇਸ ਲਈ ਖੁਸਰੋ ਨੇ ਕਾਬਲ ਜਾਣ ਦਾ ਫੈਸਲਾ ਕੀਤਾ। ਉਸ ਨੂੰ ਉਮੀਦ ਸੀ ਕਿ ਉੱਤਰ-ਪੱਛਮ ਪ੍ਰਾਂਤ ਵਿਚੋਂ ਉਸ ਨੂੰ ਸਾਥੀ ਮਿਲਣਗੇ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਆਪਣੇ ਪਿਤਾ ਦੇ ਖਿਲਾਫ਼ ਵਿਦਰੋਹ ਕਰ ਸਕੇਗਾ। ਸ਼ੇਖ ਫ਼ਰੀਦ ਬੁਖਾਰੀ ਨੇ ਭੈਰੋਵਾਲ ਦੇ ਸਥਾਨ ਤੇ ਖੁਸਰੋ ਨੂੰ ਕਰਾਰੀ ਹਾਰ ਦਿੱਤੀ। 27 ਅਪ੍ਰੈਲ 1606 ਈ. ਨੂੰ ਜਦੋਂ ਉਹ ਚਨਾਬ ਦਰਿਆ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਹ ਫੜਿਆ ਗਿਆ ਤੇ ਜੰਜ਼ੀਰਾਂ ਪਾ ਕੇ ਲਾਹੌਰ ਲਿਆਂਦਾ ਗਿਆ। ਜਹਾਂਗੀਰ ਬਾਦਸ਼ਾਹ 28 ਅਪ੍ਰੈਲ ਤੋਂ 7 ਮਈ ਤੀਕ ਲਾਹੌਰ ਤੋਂ ਬਾਹਰ ਕਾਮਰਾਨ ਬਾਗ ਵਿਚ ਰੁਕ ਕੇ ਕਿਲ੍ਹੇ ਵਿਚ ਦਾਖਲ ਹੋਣ ਦੀ ਸੁਲਖਣੀ ਘੜੀ ਦੀ ਉਡੀਕ ਕਰ ਰਿਹਾ ਸੀ। ਬਾਦਸ਼ਾਹ ਨੇ ਸ਼ਹਿਜ਼ਾਦੇ ਨੂੰ ਖੂਬ ਫਿਟਕਾਰਿਆ ਅਤੇ ਕੈਦ ਕਰਨ ਦਾ ਹੁਕਮ ਦਿੱਤਾ। ਖੁਸਰੋ ਦੇ ਦੋ ਮੁੱਖ ਸਾਥੀਆਂ ਹੁਸੈਨ ਬੇਗ ਅਤੇ ਅਬਦੁਲ ਰਹਿਮਾਨ ਨੂੰ ਬਲਦ ਅਤੇ ਖੋਤੇ ਦੀ ਕੱਚੀ ਖੱਲ ਵਿਚ ਮੜ੍ਹ ਦਿੱਤਾ। ਹੁਸੈਨ ਬੇਗ ਮਰ ਗਿਆ ਪਰ ਅਬਦੁਲ ਰਹਿਮਾਨ ਨੂੰ ਇਕ ਦਿਨ ਦੇ ਤਸੀਹੇ ਤੋਂ ਬਾਅਦ ਮਾਫ ਕਰ ਦਿੱਤਾ ਗਿਆ।

ਡਾ. ਗੰਡਾ ਸਿੰਘ ਅਨੁਸਾਰ ਜਹਾਂਗੀਰ ਨੂੰ ਮਈ 23 ਦੇ ਨੇੜੇ ਇਹ ਦੱਸਿਆ ਗਿਆ ਕਿ ਗੁਰੂ ਅਰਜਨ ਦੇਵ ਬਾਗੀ ਸ਼ਹਿਜ਼ਾਦੇ ਨੂੰ ਮਿਲਿਆ ਸੀ। ਗੁਰੁ ਜੀ ਨੇ ਸ਼ਹਿਜ਼ਾਦੇ ਨੂੰ ਕੁਝ ਖਾਸ ਚੀਜ਼ਾਂ ਦਿੱਤੀਆਂ ਅਤੇ ਉਸ ਦੇ ਮੱਥੇ ਤੇ ਕੇਸਰੀ ਤਿਲਕ ਲਾਇਆ। ਇਹ ਸੁਣ ਕੇ ਉਸ ਨੇ ਗੁਰੂ ਜੀ ਦੀ ਜਾਇਦਾਦ ਜ਼ਬਤ ਕਰਨ ਤੋਂ ਬਾਅਦ ਆਪਣੇ ਕੋਲ ਲਿਆਉਣ ਲਈ ਕਿਹਾ ਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਮੌਤ ਦੀ ਸਜ਼ਾ ਦਿੱਤੀ।

## ਤੁਜ਼ਕ-ਏ-ਜਹਾਂਗੀਰੀ ਦੀ ਰਿਪੋਰਟ ਦਾ ਆਲੋਚਨਾਤਮਕ ਅਧਿਐਨ

ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਦਾ ਸ਼ਹਿਜ਼ਾਦਾ ਖੁਸਰੋ ਦੀ ਉਸ ਦੇ ਪਿਤਾ ਵਿਰੁੱਧ ਬਗਾਵਤ ਨਾਲ ਕੋਈ ਵਾਸਤਾ ਨਹੀਂ ਸੀ। ਗੁਰੂ ਜੀ ਦਾ ਸ਼ਹਿਜ਼ਾਦੇ ਨਾਲ ਪਹਿਲੀਆਂ ਹੀ ਮਿਥੀਆਂ ਗੱਲਾਂ ਕਰਨਾ ਜਾਂ ਸਾਂਠ-ਗਾਂਠ ਕਰਨ ਦਾ ਕੋਈ ਪ੍ਰਸ਼ਨ ਹੀ ਨਹੀਂ ਉਠਦਾ।

ਦੂਜੇ ਜਿਥੋਂ ਤੀਕ ਖੁਸਰੋ ਦੇ ਮੱਥੇ ਉੱਤੇ ਕੇਸਰੀ ਤਿਲਕ ਲਾਉਣ ਦੀ ਗੱਲ ਹੈ, ਇਹ ਕਿਸੇ ਸਾਜਿਸ਼ੀ ਦੀ ਮਨਘੜਤ ਕਹਾਣੀ ਸੀ ਜੋ ਬਾਦਸ਼ਾਹ ਨੂੰ ਸੁਣਾਈ ਗਈ। ਸਿੱਖ ਗੁਰੂਆਂ ਦੇ ਇਤਿਹਾਸ ਵਿਚ ਕੋਈ ਮੌਕਾ ਨਹੀਂ ਆਇਆ ਜਦੋਂ ਕਿਸੇ ਸਿੱਖ ਜਾਂ ਗੈਰ-ਸਿੱਖ ਦੇ ਮੱਥੇ ਤੇ ਤਿਲਕ ਲਗਾਉਣ ਦੀ ਰਸਮ ਕੀਤੀ ਹੋਵੇ। ਅਕਬਰ ਗੁਰੂ ਰਾਮਦਾਸ ਤੇ ਗੁਰੂ ਅਰਜਨ ਜੀ ਨੂੰ ਮਿਲਿਆ ਪਰ ਦੋਹਾਂ ਵਲੋਂ ਉਸ ਦੇ ਸ਼ੁਕਰਾਨੇ ਵਜੋਂ ਜਾਂ ਅਸ਼ੀਰਵਾਦ ਦੇਣ ਲਈ ਕਿਸੇ ਤਿਲਕ ਲਗਾਉਣ ਦਾ ਕੋਈ ਜ਼ਿਕਰ ਨਹੀਂ ਹੈ।

ਮਹਿਮਾ ਪ੍ਰਕਾਸ਼ ਦਾ ਲੇਖਕ, ਗੋਇੰਦਵਾਲ ਦਾ ਸਰੂਪ ਦਾਸ ਭੱਲਾ ਲਿਖਦਾ ਹੈ ਕਿ ਸ਼ਹਿਜ਼ਾਦੇ ਨੇ ਗੁਰੂ ਦੇ ਲੰਗਰ ਵਿਚ ਰੋਟੀ ਖਾਧੀ ਜੋ ਸਭ ਲਈ ਖੁਲ੍ਹਾ ਸੀ। ਉਸ ਨੇ ਕਿਸੇ ਤਿਲਕ ਦਾ ਜ਼ਿਕਰ ਨਹੀਂ ਕੀਤਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਿਸੇ ਰਾਜਨੀਤਿਕ ਸਾਂਠ-ਗਾਂਠ ਜਾਂ ਤਿਲਕ ਲਗਾਉਣ ਦਾ ਜੋ ਦੋਸ਼ ਗੁਰੂ ਜੀ ਤੇ ਲਗਾਇਆ ਗਿਆ, ਇਤਿਹਾਸਕ ਤੋਰ ਤੇ ਮੰਨਣ ਯੋਗ ਨਹੀਂ ਹੈ।

ਗੁਰੂ ਜੀ ਦੇ ਸਿੱਖ ਸਮਾਜ ਲਈ ਕੀਤੇ ਵਿਕਾਸ ਦੇ ਕੰਮਾਂ ਦੀ ਰਿਪੋਰਟ ਪਹਿਲਾ ਹੀ ਜਹਾਂਗੀਰ ਨੂੰ ਦੇ ਦਿੱਤੀ ਗਈ ਸੀ ਅਤੇ ਇਸ ਗੱਲ ਨੇ ਬਾਦਸ਼ਾਹ ਨੂੰ ਗੁਰੁ ਸਾਹਿਬ ਵਿਰੁੱਧ ਭੜਕਾਇਆ ਸੀ ।ਜਹਾਂਗੀਰ ਨੇ ਲਿਖਿਆ ਹੈ ਕਿ ਉਹ ਉਸ ਮੌਕੇ ਦੀ ਤਲ਼ਾਸ ਵਿਚ ਸੀ ਜਦੋਂ ਉਹ ਗੁਰੂ ਦੇ ਉਪਦੇਸ਼ ਨੂੰ ਬੰਦ ਕਰਵਾ ਸਕੇ ਜਾਂ ਉਸ ਨੂੰ ਮੁਸਲਮਾਨ ਬਣਾ ਸਕੇ। ਇਸ ਲਈ ਉਸ ਨੇ ਗੁਰੂ ਜੀ ਦੇ ਖਿਲਾਫ਼ ਲਗਾਏ ਦੋਸ਼ਾਂ ਦੀ ਜਾਂਚ ਕਰਨੀ ਵੀ ਜ਼ਰੂਰੀ ਨਾ ਸਮਝੀ। ਸਗੋਂ ਉਹ ਤਾਂ ਮੌਕੇ ਦੀ ਉਡੀਕ ਵਿਚ ਸੀ ਜਦੋਂ ਕਿ ਉਨ੍ਹਾਂ ਵਿਰੁੱਧ ਕਾਰਵਾਈ ਕਰ ਸਕੇ। ਉਹ ਲਿਖਦਾ ਹੈ ਕਿ ਜਿਉਂ ਹੀ ਗੁਰੂ ਜੀ ਵਿਰੁੱਧ ਦੋਸ਼ਾਂ ਦੀ ਗੱਲ ਉਸ ਦੇ ਕੰਨਾਂ ਤੱਕ ਪਹੁੰਚੀ ਤਾਂ ਉਸ ਨੇ ਉਸ ਵੇਲੇ ਹੀ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਅਤੇ ਤਸੀਹੇ ਦੇ ਕੇ ਮਾਰਨ ਦਾ ਹੁਕਮ ਦਿੱਤਾ। ਜਹਾਂਗੀਰ ਦੀ ਆਪਣੀ ਲਿਖਤ ਤੋਂ ਇਹ ਸਾਫ਼ ਹੈ ਕਿ ਗੁਰੂ ਜੀ ਵਲੋਂ ਦਿੱਤੀ ਜਾਂਦੀ ਧਾਰਮਿਕ ਸਿੱਖਿਆ ਅਤੇ ਸਿੱਖ ਮੱਤ ਦੇ ਵਿਕਾਸ ਕਰਕੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਗਈ। ਰਾਜਨੀਤਿਕ ਦੋਸ਼ ਤਾਂ ਅਜਿਹੇ ਪ੍ਰਸਿੱਧ ਧਾਰਮਿਕ ਨੇਤਾ ਵਿਰੁੱਧ ਉਠਾਏ ਸਖਤ ਕਦਮ ਲਈ ਬਹਾਨਾ ਮਾਤਰ ਸਨ। ਉਹ ਤਾਂ ਆਪਣੇ ਵਾਅਦੇ ਪੂਰੇ ਕਰਕੇ ਇਹ ਦੱਸਣਾ ਚਾਹੁੰਦਾ ਸੀ ਕਿ ਉਹ ਇਸਲਾਮ ਦਾ ਰਾਖਾ ਹੈ ਤੇ ਇਸ ਤਰ੍ਹਾਂ ਕੱਟੜ ਮੁਸਲਮਾਨਾਂ ਨੂੰ ਖੁਸ਼ ਕਰਨਾ ਚਾਹੁੰਦਾ ਸੀ।

ਬਾਦਸ਼ਾਹ ਨੇ ਮੌਤ ਦੀ ਸਜ਼ਾ ਦਾ ਹੁਕਮ ਦੇ ਕੇ ਸਜ਼ਾ ਦੇਣ ਦੇ ਢੰਗਾਂ ਬਾਰੇ ਕੋਈ ਧਿਆਨ ਨਾ ਦਿੱਤਾ ਤੇ ਸਾਰਾ ਕੁਝ ਸ਼ੇਖ ਫ਼ਰੀਦ ਬੁਖਾਰੀ (ਜੋ ਜਹਾਂਗੀਰ ਦਾ ਚਹੇਤਾ ਜਰਨੈਲ ਸੀ ਅਤੇ ਜਿਸ ਨੇ ਸ਼ਹਿਜ਼ਾਦਾ ਖੁਸਰੋ ਦੇ ਵਿਦਰੋਹ ਨੂੰ ਦਬਾਇਆ ਸੀ) ਦੇ ਹੱਥਾਂ ਵਿਚ ਦੇ ਦਿੱਤਾ ਗਿਆ ਜਿਸ ਨੂੰ ਮੁਰਤਜ਼ਾ ਖਾਨ ਦੀ ਉਪਾਧੀ ਵੀ ਦਿੱਤੀ ਗਈ ਸੀ।

## ਗੁਰੂ ਜੀ ਦੀ ਸ਼ਹੀਦੀ

ਦਬਿਸਤਾਨ ਦਾ ਕਰਤਾ ਲਿਖਦਾ ਹੈ ਕਿ ਖੁਸਰੋ ਦੀ ਗ੍ਰਿਫਤਾਰੀ ਦੇ ਨਾਲ ਹੀ ਗੁਰੂ ਜੀ ਨੂੰ ਵੀ ਫੜ ਲਿਆ ਗਿਆ ਅਤੇ ਉਨ੍ਹਾਂ ਨੂੰ ਬਾਗੀ ਸ਼ਹਿਜ਼ਾਦੇ ਦੀ ਜਿੱਤ ਲਈ ਪ੍ਰਾਰਥਨਾ ਕਰਨ ਦੇ ਦੋਸ਼ ਵਿਚ ਭਾਰੀ ਜੁਰਮਾਨਾ ਕੀਤਾ ਗਿਆ। ਗੁਰੂ ਜੀ ਜੁਰਮਾਨਾ ਨਹੀਂ ਦੇ ਸਕਦੇ ਸਨ। ਉਨ੍ਹਾਂ ਨੂੰ ਲਾਹੌਰ ਦੇ ਰੇਤਲੇ ਸਥਾਨ ਵਿਚ ਰਖਿਆ ਗਿਆ ਜਿਥੇ ਉਹ ਧੁੱਪ ਦੀ ਗਰਮੀ ਕਰਕੇ ਸਵਰਗ ਸਿਧਾਰ ਗਏ। ਪਰੰਤੂ ਜੁਰਮਾਨੇ ਦੀ ਇਹ ਕਹਾਣੀ ਸੁਣੀ ਸੁਣਾਈ ਗੱਲ ਤੇ ਆਧਾਰਿਤ ਸੀ ਕਿਉਂਕਿ ਕੁਝ ਲੋਕਾਂ ਨੇ ਬਾਦਸ਼ਾਹ ਨੂੰ ਇਕ ਧਾਰਮਿਕ ਨੇਤਾ ਤੇ ਜ਼ੁਲਮ ਕਰਨ ਦੇ ਦੋਸ਼ ਤੋਂ ਬਰੀ ਕਰਵਾਉਣ ਲਈ ਅਜਿਹੀਆਂ ਮਨਘੜਤ ਗੱਲਾਂ ਬਣਾਈਆਂ। ਤਸੀਹੇ ਦੇ ਕੇ ਮਾਰਨ ਦੀ ਸਜ਼ਾ ਦੇ ਹੁਕਮ ਦੇਣ ਤੋਂ ਬਾਅਦ ਜੁਰਮਾਨੇ ਵਾਲੀ ਗੱਲ ਬੇਅਰਥ ਬਣ ਜਾਂਦੀ ਹੈ। ਸਰਕਾਰੀ ਅਫ਼ਸਰਾਂ ਨੇ ਹੁਕਮਾਂ ਦੀ ਪਾਲਣਾ ਗੁਰੂ ਜੀ ਨੂੰ ਤਸੀਹੇ ਦੇ ਕੇ ਮਾਰਨ ਨਾਲ ਕੀਤੀ। ਉਨ੍ਹਾਂ ਨੂੰ ਉਬਲਦੀ ਹੋਈ ਦੇਗ ਵਿਚ ਬਿਠਾਇਆ ਗਿਆ ਅਤੇ ਉਨ੍ਹਾਂ ਦੇ ਨੰਗੇ ਸ਼ਰੀਰ ਤੇ ਗਰਮ ਰੇਤ ਪਾਈ ਗਈ। ਉਨ੍ਹਾਂ ਨੂੰ ਹੋਰ ਦੁੱਖ ਤੇ ਤਸੀਹੇ ਦੇਣ ਲਈ ਉਨ੍ਹਾਂ ਦੇ ਜਲੇ ਹੋਏ ਸ਼ਰੀਰ ਨੂੰ ਰਾਵੀ ਦੇ ਠੰਡੇ ਪਾਣੀ ਵਿਚ ਗੋਤੇ ਦਿੱਤੇ ਗਏ। ਸਾਰੇ ਮੁੱਢਲੇ ਸੋਮੇ ਇਸ ਤੱਥ ਦੀ ਗਵਾਹੀ ਦਿੰਦੇ ਹਨ। ਰਤਨ ਸਿੰਘ ਭੰਗੂ ਆਪਣੇ ਗ੍ਰੰਥ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦਾ ਹੈ, "ਕਿਆ ਅਰਜਨ ਦਰਿਆਏ ਨਾ ਰੋੜ੍ਹਿਓ" (ਕੀ ਗੁਰੂ ਅਰਜਨ ਨੂੰ ਦਰਿਆ ਵਿਚ ਨਹੀਂ ਰੋੜ੍ਹਿਆ ਗਿਆ) ? ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਡਾਇਰੀ ਲਿਖਣ ਵਾਲਾ ਸੋਹਣ ਲਾਲੀ ਸੂਰੀ, ਉਮਦਾਤ-ਉਤ-ਤਵਾਰੀਖ ਵਿਚ ਲਿਖਦਾ ਹੈ ਕਿ ਕਈ ਤਰ੍ਹਾਂ ਦੇ ਤਸੀਹੇ ਦੇਣ ਤੋਂ ਬਾਅਦ ਗੁਰੂ ਜੀ ਨੂੰ ਰਾਵੀ ਦਰਿਆ ਵਿਚ ਰੋੜ੍ਹ ਦਿਤਾ। ਕੇਸਰ ਵਿਚ ਛਿੱਬੜ ਬੰਸਾਵਲੀ ਨਾਮਾ ਵਿਚ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਇਹ ਲਿਖ ਕੇ ਕਰਦਾ ਹੈ ਕਿ ਗੁਰੂ ਜੀ ਨੂੰ ਬੰਨ੍ਹ ਕੇ ਦਰਿਆ ਵਿਚ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਇਨ੍ਹਾਂ ਅਕਹਿ ਤੇ ਅਸਹਿ ਤਸੀਹਿਆਂ ਨਾਲ ਉਹ ਸ਼ਹੀਦੀ ਪ੍ਰਾਪਤ ਕਰ ਗਏ।

ਗੁਰੂ ਜੀ ਦੀ ਮੌਤ ਤੇ ਸ਼ੇਖ ਅਹਿਮਦ ਸਰਹੰਦੀ ਮੁੱਜਾਦਿਦ-ਅਲਫ-ਇ-ਸਾਨੀ ਨੇ ਬਹੁਤ ਖੁਸ਼ੀ ਮਨਾਈ। ਉਸ ਨੇ ਇਸ ਖੁਸ਼ੀ ਦੀ ਪ੍ਰਗਟਾਵਾ, ਨਵਾਬ ਮੁਰਤਜ਼ਾ ਖਾਨ (ਸ਼ੇਖ ਫ਼ਰੀਦ ਬੁਖਾਰੀ) ਨੂੰ ਲਿਖੇ ਇਕ ਖੱਤ ਵਿਚ ਕੀਤਾ ਹੈ। ਮੁਜ਼ਾਦਿਦ ਦੇ ਖੱਤ ਦੀਆਂ ਮੁੱਖ ਗੱਲਾਂ ਹੇਠ ਲਿਖੇ ਅਨੁਸਾਰ ਹਨ :

ਗੋਇੰਦਵਾਲ ਦੇ ਸਰਾਪੀ ਕਾਫਿਰ ਦੀ ਮੌਤ, ਇਸ ਵੇਲੇ ਸੱਚ ਮੁੱਚ ਬਹੁਤ ਵੱਡੀ ਸਫ਼ਲਤਾ ਹੈ। ਇਸ ਨਾਲ ਘ੍ਰਿਣਾ ਯੋਗ ਹਿੰਦੂਆਂ ਦੀ ਬਹੁਤ ਭਾਰੀ ਹਾਰ ਹੋਈ ਹੈ। ਇਨ੍ਹਾਂ ਨੂੰ ਜਿਸ ਮਰਜ਼ੀ ਇੱਛਾ ਨਾਲ ਮਾਰਿਆ ਜਾਵੇ ਤੇ ਜਿਸ ਮਰਜ਼ੀ ਉਦੇਸ਼ ਨਾਲ ਤਬਾਹ ਕੀਤਾ ਜਾਵੇ, ਮੁਸਲਮਾਨਾਂ ਲਈ ਇਹ ਪੁੰਨ ਦਾ ਕੰਮ ਹੈ।" ਡਾ. ਗੰਡਾ ਸਿੰਘ ਨੇ ਇਸ ਪੱਤਰ ਦਾ ਹਵਾਲਾ 'ਗੁਰੂ ਜੀ ਦੀ ਸ਼ਹੀਦੀ ਪੁਨਰ ਵਿਚਾਰ' ਦੇ ਸਫਾ 36 ਤੇ ਦਿੱਤਾ ਹੈ। ਇਸ ਪੱਤਰ ਤੋਂ ਪੰਜਾਬ ਵਿਚ ਧਰਮ ਬਹਾਲੀ ਅੰਦੋਲਨ ਦੇ ਨੇਤਾ ਸ਼ੇਖ ਅਹਿਮਦ ਸਰਹੰਦੀ ਦੇ ਗੁਰੂ ਜੀ ਪ੍ਰਤੀ ਵਤੀਰੇ ਦਾ ਪਤਾ ਭਲੀ ਭਾਂਤ ਚਲ ਜਾਂਦਾ ਹੈ। ਇਨ੍ਹਾਂ ਲੋਕਾਂ ਦੀ ਹੀ ਸਲਾਹ ਅਤੇ ਪ੍ਰਭਾਵ ਥੱਲੇ ਜਹਾਂਗੀਰ ਗੈਰ-ਮੁਸਲਿਮ ਲੋਕਾਂ ਦੀਆਂ ਧਾਰਮਿਕ ਗਤੀਵਿਧੀਆਂ ਦੇ ਖਿਲਾਫ ਹੋ ਗਿਆ ਸੀ। ਆਪਣੀ ਰਾਜ-ਗੱਦੀ ਪ੍ਰਾਪਤੀ ਦੇ ਪਹਿਲੇ ਸਾਲ ਵਿਚ ਉਸ ਨੇ ਗੁਰੂ ਜੀ ਦੇ ਵਿਰੁੱਧ ਅਜਿਹਾ ਹੁਕਮ ਜਾਰੀ ਕੀਤਾ ਸੀ।

ਜੁਰਮਾਨੇ ਵਾਲੇ ਗੱਲ ਕਿਵੇਂ ਤੁਰੀ ? ਉਸ ਤੇ ਵੀ ਚਰਚਾ ਕਰਨੀ ਜਰੂਰੀ ਹੈ। ਜਹਾਂਗੀਰ ਗੁਰੂ ਜੀ ਦੀ ਸ਼ਹੀਦੀ ਬਾਰੇ ਤੁਜ਼ਕ-ਏ-ਜਹਾਂਗੀਰੀ ਵਿਚ ਲਿਖਣ ਤੋਂ ਬਾਅਦ ਅੰਬਾ ਤੇ ਰਾਜੂ ਦੋ ਹੋਰ ਆਦਮੀਆਂ ਬਾਰੇ ਲਿਖਦਾ ਹੈ ਜਿਨ੍ਹਾਂ ਨੇ ਕਿ ਖੁਸਰੋ ਦੇ ਵਿਦਰੋਹ ਸਮੇਂ ਲੋਕਾਂ ਤੇ ਜ਼ੁਲਮ ਕੀਤੇ ਸਨ। ਲਿਖਤ ਅਨੁਸਾਰ ਬਾਦਸ਼ਾਹ ਨੇ ਰਾਜੂ ਨੂੰ ਫਾਂਸੀ ਦਾ ਹੁਕਮ ਦਿੱਤਾ ਅਤੇ ਅੰਬਾ ਜੋ ਕਿ ਅਮੀਰ ਆਦਮੀ ਸੀ ਉਸ ਨੂੰ ਇਕ

ਲੱਖ ਪੰਦਰਾ ਹਜ਼ਾਰ ਰੁਪਏ ਜੁਰਮਾਨਾ ਕੀਤਾ ਤੇ ਵਸੂਲਿਆ ਗਿਆ। ਗੁਰੂ ਜੀ ਬਾਰੇ ਅਤੇ ਉਨ੍ਹਾਂ ਉਪਰੋਕਤ ਦੋ ਵਿਅਕਤੀਆਂ ਬਾਰੇ ਹੁਕਮ ਲਗਭਗ ਇਕੋ ਸਮੇਂ ਕੀਤੇ ਗਏ ਤੇ ਸਜ਼ਾਵਾਂ ਦਿੱਤੀਆਂ ਗਈਆਂ। ਡਾ. ਗੰਡਾ ਸਿੰਘ ਅਨੁਸਾਰ, ਲਾਹੌਰ ਦੀਆਂ ਗਲੀਆਂ ਵਿਚ ਲੋਕਾਂ ਨੇ ਅਗਿਆਨਤਾਵਸ ਜਾਂ ਕਿਸੇ ਵੀ ਗਿਣੀ ਮਿੱਥੀ ਸਾਜ਼ਿਸ ਅਨੁਸਾਰ ਦੋਵਾਂ ਘਟਨਾਵਾਂ ਨੂੰ ਜੋੜ ਦਿੱਤਾ ਤੇ ਜੁਰਮਾਨਾ ਜੋ ਅੰਬਾ ਨੂੰ ਕੀਤਾ ਗਿਆ ਤੇ ਜਿਸ ਦਾ ਹੁਕਮ ਗੁਰੂ ਜੀ ਦੀ ਮੌਤ ਦੇ ਹੁਕਮ ਨਾਲ ਹੀ ਕੀਤਾ ਗਿਆ ਸੀ, ਦੋਵੇਂ ਗੱਲਾਂ ਗੁਰੂ ਜੀ ਨਾਲ ਜੁੜ ਗਈਆਂ। ਇਹ ਅਣ-ਇਤਿਹਾਸਕ ਖਬਰ ਐਨੀ ਫੈਲ ਗਈ ਕਿ ਬਾਅਦ ਦੇ ਕਈ ਵਿਦਵਾਨਾਂ ਨੇ ਵੀ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕਰ ਲਿਆ। ਕੁਝ ਇਤਿਹਾਸਕਾਰਾਂ ਦਾ ਇਹ ਕਹਿਣਾ ਹੈ ਕਿ ਚੰਦੂ ਨੇ ਦੋ ਲੱਖ ਰੁਪਏ ਜੁਰਮਾਨਾ ਭਰ ਕੇ ਗੁਰੂ ਜੀ ਨੂੰ ਆਪਣੇ ਤਰੀਕੇ ਨਾਲ ਮਾਰਨ ਦਾ ਹੱਕ ਖਰੀਦ ਲਿਆ ਸੀ।

## ਗੁਰੂ ਜੀ ਵਿਰੁੱਧ ਲਗਾਏ ਦੋਸ਼ਾਂ ਦਾ ਅਧਿਐਨ

ਜਾਦੂ ਨਾਥ ਸਰਕਾਰ ਅਨੁਸਾਰ, "ਗੁਰੁ ਅਰਜਨ ਜੀ ਨੂੰ ਰਾਜਨੀਤਿਕ ਅਪਰਾਧੀ ਹੋਣ ਦੀ ਰਵਾਇਤੀ ਸਜ਼ਾ ਹੀ ਦਿੱਤੀ ਗਈ।" ਉਹ ਅੱਗੇ ਕਹਿੰਦਾ ਹੈ ਕਿ, "ਉਨ੍ਹਾਂ ਦਿਨਾਂ ਵਿਚ ਮਾਲੀਆ ਨਾ ਦੇਣ ਵਾਲਿਆਂ ਲਈ ਇਹ ਸਜ਼ਾਵਾਂ ਆਮ ਹੀ ਦਿੱਤੀਆਂ ਜਾਂਦੀਆਂ ਸਨ।" ਜਾਦੂ ਨਾਥ ਦਾ ਇਹ ਕਾਹਲੀ ਵਿਚ ਕੱਢਿਆ ਨਤੀਜਾ ਲਗਦਾ ਹੈ ਕਿ ਉਸ ਨੇ ਤੁਜ਼ਕਿ ਵਿਚ ਜਹਾਂਗੀਰ ਦੀ ਆਪਣੀ ਟਿੱਪਣੀ ਵੀ ਨਹੀਂ ਪੜ੍ਹੀ ਜਾਪਦੀ। ਜਾਦੂ ਨਾਥ ਦੀ ਆਲੋਚਨਾ ਕਰਦੇ ਹੋਏ, ਇੰਦੂ ਭੂਸ਼ਨ ਬੈਨਰਜੀ ਕਹਿੰਦਾ ਹੈ ਕਿ ਜਾਦੂ ਨਾਥ ਨੇ ਗੁਰੂ ਜੀ ਦੀ ਮੌਤ ਨੂੰ (ਤਸੀਹਿਆਂ ਦੁਆਰਾ) ਉਸ ਵੇਲੇ ਦੀ ਰਵਾਇਤ ਅਨੁਸਾਰ ਕਹਿਣ ਵੇਲੇ, ਗੁਰੂ ਜੀ ਦੀ ਸ਼ਹੀਦੀ ਨਾਲ ਜੁੜੇ ਹੋਰ ਹਾਲਤਾਂ ਨੂੰ ਨਹੀਂ ਵਿਚਾਰਿਆ ਅਤੇ ਇੰਦੂ ਭੂਸ਼ਨ ਬੈਨਰਜੀ ਅਨੁਸਾਰ, ਜਾਦੂ ਨਾਥ ਦਾ ਇਹ ਵਿਚਾਰ ਠੀਕ ਨਹੀਂ ਹੈ ਕਿ ਇਕ ਇਤਿਹਾਸਕਾਰ ਵਲੋਂ ਇਹੋ ਜਿਹਾ ਵਿਚਾਰ ਮੁਆਫ ਨਹੀਂ ਕੀਤਾ ਜਾ ਸਕਦਾ।

ਦਬਿਸਤਾਨ ਦੇ ਕਰਤਾ ਅਨੁਸਾਰ ਗੁਰੂ ਜੀ ਨੇ ਖੁਸਰੋ ਲਈ ਪ੍ਰਾਰਥਨਾ ਕੀਤੀ। ਪਰ ਉਹ ਇਸ ਵਿਚਾਰ ਦੀ ਵਿਆਖਿਆ ਨਹੀਂ ਕਰਦਾ ਕਿ ਇਹ ਪ੍ਰਾਰਥਨਾ ਆਪਣੇ ਪਿਤਾ ਵਿਰੁੱਧ ਉਸ ਦੀ ਜਿੱਤ ਲਈ ਕੀਤੀ ਗਈ ਜਾਂ ਰਵਾਇਤੀ ਢੰਗ ਨਾਲ ਸਿਰਫ ਸ਼ੁਭ ਇੱਛਾ ਦੇ ਪ੍ਰਗਟਾਵੇ ਵਜੋਂ ਜਿਵੇਂ ਕਿ ਆਮ ਸੰਤ ਤੇ ਮਹਾਂਪੁਰਸ਼ ਉਨ੍ਹਾਂ ਲੋਕਾਂ ਲਈ ਕਰਦੇ ਹਨ ਜਿਹੜੇ ਉਨ੍ਹਾਂ ਦੇ ਦਰਸ਼ਨਾਂ ਲਈ ਤੇ ਆਦਰ ਪ੍ਰਗਟ ਕਰਨ ਲਈ ਆਉਂਦੇ ਹਨ। ਇਸ ਦਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਗੁਰੂ ਜੀ ਆਪਣੇ ਆਪ ਨੂੰ ਭਗੌੜੇ ਸ਼ਹਿਜ਼ਾਦੇ ਨਾਲ ਜੋੜਦੇ ਜਿਸ ਦਾ ਉਦੇਸ਼ ਹੀ ਗਲਤ ਸੀ। ਗੁਰੂ ਜੀ ਦਾ ਇਕ ਬਾਦਸ਼ਾਹ ਦੇ ਵਿਰੁੱਧ ਇਕ ਬਾਗੀ ਦੀ ਸਹਾਇਤਾ ਕਰਨ ਦਾ ਵੀ ਕੋਈ ਕਾਰਨ ਨਹੀਂ ਸੀ ਕਿਉਂਕਿ ਨਾ ਤਾਂ ਉਨ੍ਹਾਂ ਦਾ ਬਾਦਸ਼ਾਹ ਨਾਲ ਕੋਈ ਵਿਰੋਧ ਸੀ ਤੇ ਨਾ ਹੀ ਬਾਗੀ ਨਾਲ ਹਮਦਰਦੀ।

ਮੈਕਾਲਿਫ ਲਿਖਦਾ ਹੈ ਕਿ ਭਾਵਨਾਵਸ ਹੋ ਕੇ ਗਰੂ ਜੀ ਨੇ ਸ਼ਹਿਜ਼ਾਦੇ ਨੂੰ 5000 ਰੁਪਏ ਦਿੱਤੇ। ਪਰ ਗੁਰੂ ਸਾਹਿਬ ਕੋਲ ਬਾਦਸ਼ਾਹ ਦੇ ਵਿਰੁੱਧ ਬਾਗੀ ਨੂੰ ਦੇਣ ਲਈ ਪੈਸਾ ਨਹੀਂ ਸੀ, ਉਹ ਇਕ ਅਮਨ ਪਸੰਦ ਵਿਅਕਤੀ ਸਨ। ਉਹ ਦੇਸ਼ ਦੀ ਗੱਦੀ ਦੇ ਉਤਰਾਧਿਕਾਰੀ ਲਈ ਲੜੀ ਜਾ ਰਹੀ ਲੜਾਈ ਵਿਚ ਆਪਣੇ ਆਪ ਨੂੰ ਕਿਵੇਂ ਉਲਝਾ ਸਕਦੇ ਸਨ। ਗੁਰੂ ਜੀ ਦੇ ਖਜ਼ਾਨੇ ਵਿਚ ਜੋ ਵੀ ਧਨ ਸੀ ਉਹ ਲੋਕ ਭਲਾਈ ਦੇ ਕੰਮਾਂ ਲਈ ਸੀ।

ਡਾ. ਗੰਡਾ ਸਿੰਘ ਅਨੁਸਾਰ, 23 ਮਈ 1606 ਦੇ ਲਗਭਗ ਬਾਦਸ਼ਾਹ ਦੇ ਕੰਨੀ ਇਕ ਗੱਲ ਪਈ ਕਿ ਗੁਰੂ ਅਰਜਨ ਨੇ ਖੁਸਰੋ ਨਾਲ ਮੁਲਾਕਾਤ ਕੀਤੀ ਸੀ। ਇਸ ਗੱਲ ਇਸ ਤੋਂ ਇਕ ਮਹੀਨੇ ਬਾਅਦ ਦੀ

ਹੈ ਜਦੋਂ ਕਿ ਇਹ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਬਾਗੀ ਸ਼ਹਿਜ਼ਾਦੇ ਨੂੰ ਅਸ਼ੀਰਵਾਦ ਦਿੱਤਾ ਸੀ। ਚਾਰ ਹਫ਼ਤੇ ਦੇ ਇਸ ਸਮੇਂ ਦੇ ਦੌਰਾਨ ਤੁਜ਼ਕੇ ਜਹਾਂਗੀਰੀ ਵਿਚ ਗੁਰੂ ਜੀ ਦੇ ਖੁਸਰੋ ਨਾਲ ਮੇਲ-ਜੋਲ ਦਾ ਕੋਈ ਹਵਾਲਾ ਨਹੀਂ ਮਿਲਦਾ, ਜੇਕਰ ਗੋਇੰਦਵਾਲ ਵਿਖੇ ਗੁਰੂ ਜੀ ਖੁਸਰੋ ਨੂੰ ਮਿਲੇ ਹੁੰਦੇ ਤੇ ਅਸ਼ੀਰਵਾਦ ਦਿੱਤਾ ਹੁੰਦਾ ਤਾਂ ਉਸ ਦੀ ਰਿਪੋਰਟ ਜਹਾਂਗੀਰ ਨੂੰ ਉਦੋਂ ਹੀ ਕੀਤੀ ਜਾਣੀ ਸੀ। ਪਰ ਇਕ ਮਹੀਨੇ ਤੱਕ ਬਾਦਸ਼ਾਹ ਨੂੰ ਕੋਈ ਰਿਪੋਰਟ ਨਹੀਂ ਦਿੱਤੀ ਗਈ। ਇਸ ਤੋਂ ਇਹ ਰਿਪੋਰਟ ਸ਼ੱਕੀ ਬਣ ਜਾਂਦੀ ਹੈ ਤੇ ਇਸ ਦੇ ਸੱਚ ਹੋਣ ਵਿਚ ਭੁਲੇਖਾ ਪੈ ਜਾਂਦਾ ਹੈ। ਇਹ ਬਿਲਕੁਲ ਸੰਭਵ ਹੈ ਕਿ ਕਹਾਣੀ ਕੁਝ ਸਾਜਸ਼ੀਆਂ ਨੇ ਘੜੀ ਤੇ ਉਦੋਂ ਬਾਦਸ਼ਾਹ ਕੋਲ ਪਹੁੰਚਾਈ ਗਈ ਜਦੋਂ ਉਹ ਗੁਰੂ ਜੀ ਦੇ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਕੋਈ ਜਾਂਚ ਪੜਤਾਲ ਨਹੀਂ ਕਰ ਸਕਦਾ ਸੀ। ਗੁਰੂ ਜੀ ਵਿਰੁੱਧ ਸ਼ਿਕਾਇਤ ਸੁਣ ਕੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਮੌਤ ਦਾ ਹੁਕਮ ਸੁਣਾਇਆ ਤੇ ਆਪ ਲਾਹੌਰ ਤੋਂ ਚਲਾ ਗਿਆ।

## ਗੁਰੂ ਜੀ ਦੀ ਸ਼ਹੀਦੀ ਦਾ ਪ੍ਰਭਾਵ

ਮੁਹੰਮਦ ਲਤੀਫ ਅਨੁਸਾਰ, ਗੁਰੂ ਜੀ ਦੀ ਸ਼ਹੀਦੀ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਨਵੇਂ ਮੋੜ ਦੀ ਸੂਚਕ ਹੈ। ਇਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਤੇ ਇਸ ਨਾਲ ਹੀ ਮੁਸਲਿਮ ਰਾਜ ਦੇ ਵਿਰੁੱਧ ਨਫਰਤ ਦੇ ਬੀਜ, ਬੀਜ ਦਿੱਤੇ ਗਏ ਜਿਨ੍ਹਾਂ ਦੀਆਂ ਜੜ੍ਹਾਂ ਗੁਰੂ ਨਾਨਕ ਦੇ ਸਿੱਖਾਂ ਦੇ ਮਨਾਂ ਵਿਚ ਬਹੁਤ ਡੂੰਘੀਆਂ ਲੱਗ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੂਰੇ ਸਿੱਖ ਸਮੁਦਾਏ ਲਈ ਬਹੁਤ ਵੱਡਾ ਝਟਕਾ ਸੀ। ਹਿੰਦੂਆਂ ਲਈ ਵੀ ਇਹ ਇਸ ਤੋਂ ਘੱਟ ਨਹੀਂ ਸੀ। ਇਸ ਨੇ ਸਿੱਖਾਂ ਦੇ ਮਨ ਵਿਚ ਵਿਦਰੋਹ ਦੀ ਅੱਗ ਬਾਲ ਦਿੱਤੀ ਭਾਵੇਂ ਉਹ ਦਿੱਲੀ ਦੀ ਮੁਗ਼ਲ ਹਕੂਮਤ ਦੇ ਵਿਰੁੱਧ ਹਥਿਆਰ ਚੁੱਕ ਸਕਣ ਦੀ ਸਥਿਤੀ ਵਿਚ ਨਹੀਂ ਸਨ ਪਰ ਉਨ੍ਹਾਂ ਨੇ ਹੁਣ ਪੱਕੇ ਤੌਰ ਤੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ। ਮਾਝੇ ਵਿਚ ਗੁਰੂ ਜੀ ਦੇ ਬਹੁਤ ਸਿੱਖ ਜੱਟਾਂ ਵਿੱਚੋਂ ਸਨ ਅਤੇ ਉਹ ਆਪਣੀ ਪ੍ਰਬਲ ਪ੍ਰਵਿਰਤੀ ਅਨੁਸਾਰ ਜ਼ੁਲਮ ਦੇ ਟਾਕਰੇ ਲਈ ਤਿਆਰ ਸਨ, ਭਾਵੇਂ ਇਸ ਦੀ ਜੋ ਵੀ ਮਰਜ਼ੀ ਕੀਮਤ ਦੇਣੀ ਪਵੇ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਜੀ ਤੋਂ ਭਵਿੱਖ ਵਿਚ ਅਜਿਹੀ ਘਟਨਾ ਦੇ ਵਾਪਰਨ ਦੇ ਬਚਾਅ ਦੀ ਕੀ ਯੋਜਨਾ ਜਾਂ ਰੂਪ ਰੇਖਾ ਬਾਰੇ ਪੁਛਿਆ ਹੋਵੇਗਾ। ਗੁਰੂ ਜੀ ਨੇ ਆਪ ਅਤੇ ਆਪਣੇ ਸਿੱਖਾਂ ਨੂੰ ਹਥਿਆਰਬੰਦ ਹੋਣ ਦਾ ਫੈਸਲਾ ਕੀਤਾ। ਮੈਕਾਲਿਫ ਅਨੁਸਾਰ ਗੁਰੂ ਅਰਜਨ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਆਪਣੇ ਸਪੁੱਤਰ ਤੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਨੂੰ ਕੁਝ ਸ਼ਰਧਾਲੂ ਸਿੱਖਾਂ ਰਾਹੀਂ ਸੁਨੇਹਾ ਭੇਜਿਆ ਕਿ ਉਸ ਨੂੰ ਹਥਿਆਰ ਪਹਿਨ ਕੇ ਗੁਰੂ ਗੱਦੀ ਤੇ ਬੈਠ ਕੇ ਆਪਣੀ ਸਮਰੱਥਾ ਅਨੁਸਾਰ ਸੈਨਾ ਰੱਖਣੀ ਚਾਹੀਦੀ ਹੈ। ਇਸ ਸੁਨੇਹੇ ਦੀ ਗੱਲ ਜਾਪਦਾ ਹੈ ਕਿ ਬਾਅਦ ਵਿਚ ਘੜੀ ਗਈ ਕਿਉਂਕਿ ਇਹ ਗੱਲ ਗੁਰੂ ਜੀ ਦੇ ਜੀਵਨ ਦੀਆਂ ਬਾਕੀ ਘਟਨਾਵਾਂ ਨਾਲ ਮੇਲ ਨਹੀਂ ਖਾਂਦੀ। ਉਹ ਅਮਨ ਦੇ ਪੁੰਜ ਅਤੇ ਅਹਿੰਸਾ ਦੇ ਪੁਜਾਰੀ ਸਨ। ਇਸ ਲਈ ਹਥਿਆਰ ਧਾਰਨ ਕਰਨ ਦਾ ਫੈਸਲਾ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਅਤੇ ਉਨ੍ਹਾਂ ਸਿੱਖਾਂ ਨੇ ਸਮੂਹਿਕ ਸਲਾਹ ਤੋਂ ਬਾਅਦ ਕੀਤਾ। ਇਸ ਫੈਸਲੇ ਨੇ ਇਕ ਕਰਾਂਤੀ ਦੇ ਬੀਜ ਬੀਜ ਦਿੱਤੇ ਜਿਸ ਨੇ ਸਿੱਖਾਂ ਨੂੰ ਸਿਪਾਹੀਆਂ ਤੋਂ ਸੰਤ-ਸਿਪਾਹੀ ਬਣਾ ਦਿੱਤਾ। ਗੁਰੂ ਜੀ ਨੇ ਵੀ ਹੁਣ ਦੋ ਜ਼ਿੰਮੇਵਾਰੀਆਂ ਨਿਭਾਉਣੀਆਂ ਸਨ। ਇਕ ਮੀਰੀ (ਫੌਜੀ ਆਗੂ) ਤੇ ਦੂਜੀ ਪੀਰੀ ਧਾਰਮਿਕ ਆਗੂ ਦੀ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਸਿੱਖ ਸਮਾਜ ਲਈ ਮੁਗਲਾਂ ਵਲੋਂ ਲਗਾਤਾਰ ਜ਼ੁਲਮਾਂ ਦਾ ਇਕ ਸਿਲਸਿਲਾ ਸ਼ੁਰੂ ਕਰ ਦਿੱਤਾ। ਜਹਾਂਗੀਰ ਵਲੋਂ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਕੇ ਰਖਿਆ ਗਿਆ। ਸ਼ਾਹ ਜਹਾਨ ਦੇ ਵੇਲੇ ਗੁਰੂ ਹਰਿਗੋਬਿੰਦ ਨੂੰ ਸਰਕਾਰ ਦੇ ਖਿਲਾਫ਼ ਕਈ ਲੜਾਈਆਂ ਲੜਣੀਆਂ ਪਈਆਂ ਕਿਉਂਕਿ ਸਰਕਾਰ ਤੇ ਸਿੱਖਾਂ ਦੇ ਸੰਬੰਧ ਬਹੁਤ ਹੀ ਵਿਗੜ ਚੁੱਕੇ

ਸਨ। ਸਿੱਖਾਂ ਨੇ ਸ਼ਾਸਕਾਂ ਦੇ ਹਰ ਜ਼ੁਰਮ ਦਾ ਟਾਕਰਾ ਆਪਣੀ ਸਮਰੱਥਾ ਤੇ ਸਾਧਨਾਂ ਦੇ ਨਾਲ ਕੀਤਾ ਤੇ ਕੁਰਬਾਨੀਆਂ ਦੇਣੀਆਂ ਪਈਆਂ। ਹਰਿ ਰਾਇ ਨੂੰ ਬਾਦਸ਼ਾਹ ਨੇ ਦਿੱਲੀ ਬੁਲਾਇਆ ਪਰ ਗੁਰੂ ਸਾਹਿਬ ਨੇ ਆਪ ਜਾਣ ਦੀ ਥਾਂ ਆਪਣੇ ਵੱਡੇ ਪੁੱਤਰ ਰਾਮ ਨੂੰ ਦਿੱਲੀ ਭੇਜਿਆ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਨੂੰ ਵੀ ਦਿੱਲੀ ਬੁਲਾਇਆ, ਪਰੰਤੂ ਉਥੇ ਪਹੁੰਚਦਿਆਂ ਹੀ ਉਨ੍ਹਾਂ ਦੀ ਮੌਤ ਹੋ ਗਈ। ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ 1665 ਵਿਚ ਦਿੱਲੀ ਸੱਦਿਆ ਗਿਆ, ਪਰੰਤੂ ਮਿਰਜ਼ਾ ਰਾਮ ਸਿੰਘ ਦੇ ਦਖਲ ਕਾਰਣ ਕੋਈ ਕਾਰਵਾਈ ਨਾ ਕੀਤੀ ਗਈ ਪਰੰਤੂ ਬਾਅਦ ਵਿਚ ਬਾਦਸ਼ਾਹ ਦੇ ਹੁਕਮ ਨਾਲ 1675 ਈ. ਵਿਚ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ ਗਿਆ।

ਮੁਗ਼ਲਾਂ ਦੀ ਉਸ ਸਮੁਦਾਏ ਨਾਲ ਜੋ ਆਪਣੀ ਰੱਖਿਆ ਲਈ ਸਦਾ ਤਿਆਰ ਸੀ, ਅੱਖ ਮਿਲਾਉਣ ਦੀ ਜੁਰੱਅਤ ਨਹੀਂ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਵਿਚ ਹਥਿਆਰ ਸ਼ਾਮਲ ਹੋ ਗਏ ਤੇ ਸ੍ਵੈਮਾਨ ਤੇ ਧਰਮ ਦੀ ਆਜ਼ਾਦੀ ਮੰਨਣ ਵਾਲੇ ਸਿੱਖਾਂ ਤੇ ਸ਼ਾਸਕਾਂ ਦੀਆਂ ਝੜਪਾਂ ਇਕ ਆਮ ਗੱਲ ਹੋ ਗਈ। ਗੁਰੂਆਂ ਤੇ ਉਨ੍ਹਾਂ ਦੇ ਪੁੱਤਰਾਂ ਦੀਆਂ ਸ਼ਹੀਦੀਆਂ ਦੇ ਨਾਲ ਬਹੁਤ ਗਿਣਤੀ ਵਿਚ ਸ਼ਰਧਾਲੂਆਂ ਨੇ ਵੀ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਹ ਕੁਰਬਾਨੀਆਂ ਮੁਗ਼ਲ ਰਾਜ ਪ੍ਰਾਪਤ ਕਰਨ ਲਈ ਨਹੀਂ ਸਗੋਂ ਸਾਰੇ ਧਰਮਾਂ ਦੀ ਬਰਾਬਰੀ ਲਈ ਸਨ। ਘਟਨਾਵਾਂ ਤੇ ਪ੍ਰਤੀਕਿਰਿਆਵਾਂ ਦਾ ਇਕ ਸਿਲਸਿਲਾ ਸ਼ੁਰੂ ਹੋ ਗਿਆ ਤੇ ਅੰਤ ਗੁਰੂ ਗੋਬਿੰਦ ਸਿੰਘ ਜੀ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਪੰਜਾਬ ਦੀ ਉਸ ਸਰਕਾਰ ਨੂੰ ਨਸ਼ਟ ਕਰਨ ਦਾ ਫੈਸਲਾ ਕੀਤਾ ਜੋ ਸਭ ਤੇ ਖਾਸ ਕਰਕੇ ਸਿੱਖਾਂ ਤੇ ਜੁਲਮ ਕਰਦੀ ਸੀ।

ਜੇਕਰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨਾ ਹੁੰਦੀ ਤੇ ਮੁਗ਼ਲ ਪੰਜਾਬ ਵਿਚ ਸਿੱਖ ਲਹਿਰ ਨਾਲ ਛੇੜਖਾਨੀ ਨਾ ਕਰਦੀ ਤਾਂ ਸੰਭਵ ਸੀ ਕਿ ਇਹ ਲਹਿਰ ਵੀ ਸ਼ਾਂਤੀ ਪੂਰਵਕ ਚਲਦੀ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਸਿੱਖਾਂ ਉਤੇ ਅਤੇ ਪੰਜਾਬ ਦੇ ਭਾਵੀ ਇਤਿਹਾਸ ਤੇ ਅਮਿਟ ਪ੍ਰਭਾਵ ਪਾਇਆ। ਸਿੱਖਾਂ ਦੀਆਂ ਨਸਲਾਂ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਆਪਣੇ ਧਰਮ ਤੇ ਸੱਚ ਦੇ ਕਾਰਜ ਲਈ ਕੁਰਬਾਨੀ ਦੀ ਪ੍ਰੇਰਨਾ ਸਦਾ ਹੀ ਲੈਂਦੇ ਰਹਿਣਗੇ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਵੇਂ ਕਿ ਟਰੰਪ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਧਰਮ ਦੇ ਵਿਕਾਸ ਦਾ ਇਕ ਨਾਜ਼ੁਕ ਮੋੜ ਹੈ ਤੇ ਇਸ ਤੋਂ ਬਾਅਦ ਸ਼ੁਰੂ ਹੋਏ ਸੰਘਰਸ਼ ਨੇ ਧਾਰਮਿਕ ਤੇ ਸੁਧਾਰਕ ਲਹਿਰ ਦਾ ਰੂਪ ਪੂਰਣ ਤੌਰ ਤੇ ਬਦਲ ਦਿੱਤਾ, ਪਰੰਤੂ ਇਸ ਨੇ ਆਪਣੇ ਅਧਿਆਤਮਕ ਖਾਸੇ ਨੂੰ ਜ਼ਰਾ ਵੀ ਨਹੀਂ ਬਦਲਿਆ।

## ਅਧਿਐਨ ਲਈ ਪੁਸਤਕਾਂ


1. ਗੁਰੂ ਅਰਜਨ ਮਾਰਟਾਇਰਡਮ (ਰੀ-ਇੰਟਰ-ਪਰੈਟਿਡ) : ਡਾ. ਗੰਡਾ ਸਿੰਘ
2. ਸਿੱਖ ਰਿਲੀਜ਼ਨ, ਜਿਲਦ ਤੀਜੀ : ਮੈਕਾਲਿਫ਼
3. ਤਵਾਰੀਖ ਗੁਰੂ ਖਾਲਸਾ : ਗਿਆਨ ਸਿੰਘ
4. ਔਰੰਗਜ਼ੇਬ : ਜਾਦੂ ਨਾਥ ਸਰਕਾਰ
5. ਐਵੇਲਿਊਸ਼ਨ ਆਫ਼ ਖਾਲਸਾ (ਭਾਗ-1) : ਇੰਦੂ ਭੂਸ਼ਨ ਬੈਨਰਜੀ
6. ਮਹਿਮਾ ਪ੍ਰਕਾਸ਼ : ਸਰੂਪ ਦਾਸ ਭੱਲਾ

**ਪਾਠ ਨੰ. 2.4**

# ਗੁਰੂ ਹਰਗੋਬਿੰਦ ਸਾਹਿਬ

(ਉਨ੍ਹਾਂ ਦੁਆਰਾ ਕੀਤੀਆਂ ਜਥੇਬੰਦਕ (ਸੰਗਠਨਾਤਮਕ) ਤਬਦੀਲੀਆਂ ਅਤੇ ਉਨ੍ਹਾਂ ਦਾ ਪ੍ਰਭਾਵ)

## ਸੰਗਠਨ ਵਿਚ ਕੀਤੀਆਂ ਤਬਦੀਲੀਆਂ

ਮੈਕਾਲਿਫ਼ ਅਨੁਸਾਰ ਗੁਰੂ ਅਰਜਨ ਸਾਹਿਬ ਵਲੋਂ ਜੋ ਸੁਨੇਹਾ ਆਪਣੇ ਪੁੱਤਰ ਨੂੰ ਦਿੱਤਾ ਉਹ ਇਹ ਸੀ, 'ਮੇਰਾ ਪੁੱਤਰ ਹਥਿਆਰ ਪਹਿਨ ਕੇ ਗੁਰੂ-ਗੱਦੀ ਤੇ ਬੈਠੇ, ਆਪਣੀ ਯੋਗਤਾ ਅਨੁਸਾਰ ਇਕ ਵਧੀਆ ਫੌਜ ਤਿਆਰ ਕਰੇ।' ਗੁਰੂ ਹਰਗੋਬਿੰਦ ਜੀ ਨੇ ਇਹ ਪੱਕੀ ਤਰ੍ਹਾਂ ਸਮਝ ਲਿਆ ਸੀ (ਜਦੋਂ ਉਹ ਗੱਦੀ ਨਸ਼ੀਨ ਹੋਏ) ਕਿ ਜੇਕਰ ਸਿੱਖ ਧਰਮ ਨੂੰ ਬਚਾਉਣਾ ਹੈ ਤਾਂ ਸਿੱਖ ਜੋ ਕੇਵਲ ਸੰਤ ਸਨ,ਉਨ੍ਹਾਂ ਨੂੰ ਸੰਤ-ਸਿਪਾਹੀ ਬਣਨਾ ਪਵੇਗਾ। ਕੁਝ ਸਿੱਖ ਲਿਖਤਾਂ ਅਨੁਸਾਰ ਜਦੋਂ ਗੁਰੂ ਹਰਗੋਬਿੰਦ ਗੁਰ-ਗੱਦੀ ਤੇ ਬੈਠੇ ਤਾਂ ਉਨ੍ਹਾਂ ਨੇ ਇਕ ਬੜੀ ਜੋਸ਼ੀਲੀ ਤਕਰੀਰ ਕੀਤੀ, ਜਿਸ ਵਿਚ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਤੋਂ ਧਨ ਦੀ ਥਾਂ ਜਵਾਨ, ਘੋੜੇ ਤੇ ਹਥਿਆਰਾਂ ਦੀ ਮੰਗ ਕੀਤੀ। ਉਨ੍ਹਾਂ ਨੇ ਸਿੱਖਾਂ ਨੂੰ ਆਤਮ ਵਿਸ਼ਵਾਸ ਪੈਦਾ ਕਰਨ ਤੇ ਬਹਾਦਰੀ ਦੀਆਂ ਵਾਰਾਂ (ਕਵਿਤਾਵਾਂ) ਸੁਣਨ ਲਈ ਕਿਹਾ। ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਭਾਵੇਂ ਸਾਡੀ ਗਿਣਤੀ ਥੋੜੀ ਹੈ ਪਰ ਸਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਸਮਝਾਇਆ ਕਿ ਅੱਗ ਦੀ ਛੋਟੀ ਜਿਹੀ ਚਿੰਗਾਰੀ ਪੂਰੇ ਜੰਗਲ ਨੂੰ ਜਲਾ ਕੇ ਰਾਖ ਕਰ ਸਕਦੀ ਹੈ। ਕੁਝ ਸਿੱਖ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਇਸ ਤਰ੍ਹਾਂ ਹਦਾਇਤਾਂ ਦਾ ਮੀਂਹ ਵਰ੍ਹਾ ਦਿੱਤਾ ਜਿਵੇਂ ਸਾਵਣ ਵਿਚ ਬੱਦਲਾਂ ਤੋਂ ਮੀਂਹ ਵਰ੍ਹਦਾ ਹੈ। ਸਿੱਖ ਬਹੁਤ ਜ਼ਿਆਦਾ ਵਧੇ ਫੁੱਲੇ ਜਿਵੇਂ ਕਿ ਮੀਂਹ ਸਮੇਂ ਧਾਨ ਦੇ ਖੇਤ ਵਧਦੇ ਹਨ। ਉਹ ਚਾਹੁੰਦੇ ਸਨ ਕਿ ਸਿੱਖ ਨੇਕ ਅਤੇ ਪਵਿੱਤਰ ਜੀਵਨ ਜੀਉਣ ਤੇ ਨਾਮ ਜਪਣ। ਪਰ ਦੂਜੇ ਪਾਸੇ ਹਥਿਆਰ ਚੁੱਕ ਕੇ ਮੁਗਲ ਜ਼ਾਲਮਾਂ ਤੋਂ ਆਪਣੀਆਂ ਜਾਨਾਂ ਤੇ ਘਰਾਂ ਦੀ ਰਾਖੀ ਕਰਨ ਲਈ ਵੀ ਤਿਆਰ ਰਹਿਣ।

ਬਜ਼ੁਰਗ ਸਿੱਖ ਬਾਬਾ ਬੁੱਢਾ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਨਵੀਂ ਪੁਸ਼ਾਕ ਪਹਿਨਾਈ ਅਤੇ ਉਸ ਨੇ ਉਨ੍ਹਾਂ ਦੇ ਸਾਹਮਣੇ ਸੇਲ੍ਹੀ (ਉੱਨ ਦੀ ਮਾਲਾ ਜੋ ਪਹਿਲੇ ਗੁਰੂ ਗਲ ਵਿਚ ਪਾਇਆ ਕਰਦੇ ਸਨ ਜਾਂ ਆਪਣੇ ਸਿਰ ਦੁਆਲੇ ਲਪੇਟ ਲੈਂਦੇ ਸਨ) ਅਤੇ ਇਕ ਪੱਗ ਰੱਖੀ ਜੋ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਸੀ। ਪਰੰਤੂ ਗੁਰੂ ਹਰਗੋਬਿੰਦ ਜੀ ਨੇ ਇਨ੍ਹਾਂ ਚੀਜ਼ਾਂ ਨੂੰ ਪਾਸੇ ਕਰ ਦਿੱਤਾ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ, ''ਮੇਰੀ ਸੇਲ੍ਹੀ ਕਿਰਪਾਨ-ਗਾਤਰਾ ਹੋਵੇਗੀ ਅਤੇ ਮੈਂ ਰਾਜਸੀ ਠਾਠ ਨਾਲ ਕਲਗੀ ਲਾ ਕੇ ਦਸਤਾਰ ਸਜਾਵਾਂਗਾ।'' ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਸੇਲੀ ਨੂੰ ਸੰਭਾਲ ਕੇ ਰੱਖ ਲਿਆ ਜਾਵੇ ਕਿਉਂਕਿ ਬਦਲੀ ਹੋਈ ਰਾਜਨੀਤਿਕ ਹਾਲਤ ਵਿਚ ਇਸ ਦੀ ਲੋੜ ਨਹੀਂ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਅੱਗੇ ਤੋਂ ਗੁਰੂ ਘਰ ਵਿਚ ਧਰਮ ਅਤੇ ਸੰਸਾਰਿਕ ਖੁਸ਼ੀਆਂ ਦੋਵੇਂ ਇਕੋ ਵੇਲੇ ਹੋਣਗੀਆਂ। ਗਰੀਬਾਂ ਅਤੇ ਲੋੜਵੰਦਾਂ ਨੂੰ ਮਦਦ ਤੇ ਜ਼ਾਲਮ ਨੂੰ ਮੌਤ ਦਿੱਤੀ ਜਾਵੇਗੀ।

## ਮੀਰੀ ਤੇ ਪੀਰੀ

ਗੁਰੂ ਹਰਗੋਬਿੰਦ ਨੇ ਦੂਹਰੀ ਨੀਤੀ ਅਪਨਾਈ। ਪਹਿਲੀ ਨੀਤੀ ਅਨੁਸਾਰ ਉਨ੍ਹਾਂ ਨੇ ਆਪਣੇ ਪੂਰਵਾਧਿਕਾਰੀਆਂ ਵਾਂਗ ਆਪਣੇ ਸਿੱਖਾਂ ਦੀ ਮਦਦ ਤੇ ਮੁਕਤੀ ਪ੍ਰਾਪਤੀ ਲਈ ਯਤਨ ਕਰਨਾ, ਨਾਮ ਜਪਣਾ ਤੇ ਜਪਾਉਣਾ ਸੀ, ਅਤੇ ਦੂਜੀ ਜ਼ੁਲਮ ਵਿਰੁੱਧ ਤਲਵਾਰ ਚੁੱਕ ਕੇ ਸੁਰਖਿਆ ਲਈ ਉਨ੍ਹਾਂ ਨੂੰ ਤਿਆਰ ਕਰਨਾ ਸੀ। ਉਨ੍ਹਾਂ ਨੇ ਸਿੱਖਾਂ ਨੂੰ ਆਪਣੀ ਸੁਰੱਖਿਆ ਅਤੇ ਸ੍ਵੈਮਾਨ ਲਈ ਜਾਨਾਂ ਵਾਰ ਦੇਣ ਲਈ ਵੰਗਾਰਿਆ। ਆਪਣੀ ਗੁਰਗੱਦੀ ਜਾਂ ਤਖਤ ਨਸ਼ੀਨੀ ਦੇ ਸਮੇਂ ਉਨ੍ਹਾਂ ਭਾਈ ਬੁੱਢਾ ਜੀ ਨੂੰ ਆਪਣੇ ਪੂਰਵਾਧਿਕਾਰੀਆਂ ਵਾਲੀਆਂ ਚੀਜ਼ਾਂ ਦੀ ਥਾਂ ਤਲਵਾਰ ਪਹਿਨਾਉਣ ਲਈ ਕਿਹਾ। ਗੁਰੂ ਜੀ ਨੇ ਦੋ ਤਲਵਾਰਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਵਿਚੋਂ ਇਕ ਮੀਰੀ (ਸੰਸਾਰਕ) ਤੇ ਦੂਜੀ ਪੀਰੀ (ਅਧਿਆਤਮਕ) ਖੇਤਰ ਵਿਚ ਰਾਹਨੁਮਾਈ ਦਾ ਚਿੰਨ੍ਹ ਸੀ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਨੂੰ ਵੀ ਨਿਰਦੇਸ਼ ਦਿੱਤਾ ਕਿ ਉਹ ਤਲਵਾਰ ਅਤੇ ਇਕ ਘੋੜਾ ਰੱਖਣ। ਗੁਰੂ ਜੀ ਸਿੱਖਾਂ ਦਾ ਸਰਵਪੱਖੀ ਵਿਕਾਸ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਸਿਰਫ਼ ਧਾਰਮਿਕ ਮਾਮਲਿਆਂ ਵਿਚ ਹੀ ਸਿੱਖਾਂ ਦੀ ਅਗਵਾਈ ਨਹੀਂ ਕਰਨਗੇ, ਸਗੋਂ ਜੋ ਲੋੜ ਪਈ ਤਾਂ ਸਿੱਖਾਂ ਦੀਆਂ ਜਾਨਾਂ, ਜਾਇਦਾਦਾਂ ਦੇ ਸ੍ਵੈਮਾਨ ਦੀ ਰੱਖਿਆ ਖਾਤਰ ਵੀ ਉਹ ਉਨ੍ਹਾਂ ਦੀ ਅਗਵਾਈ ਕਰਨਗੇ। ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੁਆਰਾ ਜਲਾਈ ਮਸ਼ਾਲ ਨੂੰ ਜਲਦੀ ਰੱਖਿਆ ਪਰੰਤੂ ਉਸ ਵਿਚ ਤਲਵਾਰ ਦੀ ਚਮਕ ਵੀ ਜੋੜ ਦਿੱਤੀ। ਉਨ੍ਹਾਂ ਨੇ ਲੋਕਾਂ ਨੂੰ ਸੁਨੇਹਾ ਗੁਰੂ ਨਾਨਕ ਵਾਲਾ ਹੀ ਦਿੱਤਾ ਪਰੰਤੂ ਉਸ ਵਿਚ ਨਾਇਕ ਦੀ ਵੰਗਾਰ ਵੀ ਜੋੜ ਦਿੱਤੀ।

## ਫੌਜ ਦੀ ਭਰਤੀ

ਗੁਰੂ ਹਰਗੋਬਿੰਦ ਨੇ ਆਪਣੇ ਮਸੰਦਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਲੋਕਾਂ ਨੂੰ ਜਵਾਨ, ਹਥਿਆਰ ਤੇ ਘੋੜੇ ਦੇਣ ਲਈ ਤਿਆਰ ਕਰਨ। ਮੈਕਾਲਿਫ਼ ਲਿਖਦਾ ਹੈ ਕਿ ਭਿੰਨ-ਭਿੰਨ ਪਾਸਿਆਂ ਤੋਂ ਸਿੱਖ ਜੰਗੀ ਸਮਾਨ ਲੈ ਕੇ ਗੁਰੂ ਜੀ ਕੋਲ ਪਹੁੰਚਣ ਲੱਗੇ। ਅਨੇਕ ਯੋਧੇ ਉਨ੍ਹਾਂ ਕੋਲ ਆਏ ਤੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ। ਮਾਝੇ ਵਿਚੋਂ ਜਵਾਨਾਂ ਦੀ ਵੱਡੀ ਗਿਣਤੀ ਨੇ ਗੁਰੂ ਦੇ ਲਈ ਆਪਣੇ ਨਾਮ ਲਿਖਵਾ ਦਿੱਤੇ। ਗੁਰੂ ਜੀ ਕੋਲ ਜਲਦੀ ਹੀ 500 ਬੰਦਿਆਂ ਦੀ ਇਕ ਟੁਕੜੀ ਤਿਆਰ ਹੋ ਗਈ। ਗੁਰੂ ਜੀ ਨੇ ਮਸੰਦਾਂ ਨੂੰ ਹੁਕਮ ਦਿੱਤਾ ਕਿ ਉਹ ਧਨ ਦੀ ਬਜਾਏ ਘੋੜਿਆਂ ਅਤੇ ਹਥਿਆਰਾਂ ਦੀ ਭੇਂਟ ਲੈ ਕੇ ਉਨ੍ਹਾਂ ਪਾਸ ਆਉਣ। ਅਨੇਕਾਂ ਲੋਕ ਜਿਨ੍ਹਾਂ ਪਾਸ ਰੋਜ਼ਗਾਰ ਨਹੀਂ ਸੀ, ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ ਅਤੇ ਅਜਿਹੇ ਵੀ ਆ ਗਏ ਜੋ ਦੋ ਵਕਤ ਦੀ ਰੋਟੀ ਤੇ ਛਿਮਾਹੀ ਪਿਛੋਂ ਇਕ ਪੁਸ਼ਾਕ ਤੇ ਹੀ ਸੰਤੁਸ਼ਟ ਸਨ। ਬਹੁਤ ਸਾਰੇ ਪਹਿਲਵਾਨ ਵੀ ਆ ਕੇ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ। ਸਰੀਰਕ ਕਸਰਤਾਂ ਦੇ ਨਾਲ-ਨਾਲ ਰੂਹਾਨੀ ਸਿਖਿਆ ਵੀ ਉਨ੍ਹਾਂ ਦੀਆਂ ਆਤਮਾਵਾਂ ਨੂੰ ਰੌਸ਼ਨ ਕਰਨ ਲਈ ਦਿੱਤੀ ਜਾਣ ਲੱਗੀ। ਪਹਿਲੀ ਵਾਰ 500 ਜਵਾਨਾਂ ਦੀ ਭਰਤੀ ਦੀਆਂ ਪੰਜ ਟੁਕੜੀਆਂ ਬਣਾਈਆਂ ਗਈਆਂ, ਹਰ ਟੁਕੜੀ ਵਿਚ 100 ਜਵਾਨ ਰੱਖੇ ਗਏ ਅਤੇ ਬਿਧੀ ਚੰਦ, ਪੀਰਾਨਾ, ਜੇਠਾ, ਪੈਰਾ ਤੇ ਲੰਗਾਹ ਨੂੰ ਇੱਕ-ਇੱਕ ਟੁਕੜੀ ਦਾ ਜਥੇਦਾਰ (ਕਪਤਾਨ) ਬਣਾ ਦਿੱਤਾ ਗਿਆ। ਕਨਿੰਘਮ ਤੇ ਆਰਚਰ ਦਾ ਕਹਿਣਾ ਹੈ ਕਿ ਗੁਰੂ ਜੀ ਦੇ ਅਸਤਬਲ ਵਿਚ 800 ਘੋੜੇ ਸਨ। ਉਨ੍ਹਾਂ ਕੋਲ ਤਿੰਨ ਸੌ ਘੋੜ ਸਵਾਰ ਤੇ 60 ਬੰਦੂਕਚੀ ਸਦਾ ਗੁਰੂ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਕੋਲ ਕੁਝ ਨਗਾਰਚੀ ਤੇ ਚੰਗੀ ਨਸਲ ਦੇ ਕੁੱਤੇ ਸ਼ਿਕਾਰ ਖੇਡਣ ਲਈ ਮੌਜੂਦ ਸਨ। ਦਾਬਿਸਤਾਨ ਦੇ ਕਰਤਾ ਅਨੁਸਾਰ ਗੁਰੂ ਜੀ ਕੋਲ 500 ਸਵੈ-ਸੇਵਕਾਂ ਦੀ ਫੌਜ ਆਪਣੀਆਂ ਜਾਨਾਂ ਵਾਰਨ ਲਈ ਸਦਾ

ਤਿਆਰ ਰਹਿੰਦੀ ਸੀ। ਅਤੇ ਇਸ ਤੋਂ ਇਲਾਵਾ ਪੈਂਦੇ ਖਾਨ ਦੀ ਕਮਾਨ ਹੇਠ ਪਠਾਣਾਂ ਦੀ ਇਕ ਖਾਸ ਰੈਜਮੈਂਟ ਸੀ।

ਕੁਝ ਲੇਖਕਾਂ ਦਾ ਵਿਚਾਰ ਇਹ ਵੀ ਹੈ ਕਿ ਗੁਰੂ ਜੀ ਨੇ ਕੁਝ ਮੁਗਲ ਫੌਜੀ ਭਗੌੜਿਆਂ ਨੂੰ ਵੀ ਫੌਜ ਵਿਚ ਰੱਖ ਲਿਆ ਸੀ ਜੋ ਤਨਖਾਹਾਂ ਨਾ ਮਿਲਣ ਕਰਕੇ ਉਨ੍ਹਾਂ ਕੋਲ ਆ ਗਏ ਸਨ ਪਰੰਤੂ ਇਹ ਵਿਚਾਰ ਠੀਕ ਨਹੀਂ ਹੈ। ਇਹ ਸੰਭਵ ਹੈ ਕਿ ਕੁਝ ਡਾਕੂ ਘੋਰ ਅਪਰਾਧੀ ਤੇ ਠੱਗ ਵੀ ਗੁਰੂ ਜੀ ਦੀ ਸੈਨਾ ਵਿਚ ਆ ਗਏ ਹੋਣ, ਪਰ ਇਹ ਸਭ ਆਪਣੀ ਪਿਛਲੀ ਜ਼ਿੰਦਗੀ ਨੂੰ ਤਿਆਗ ਕੇ ਗੁਰੂ ਜੀ ਪਾਸ ਆਏ ਸਨ। ਗੁਰੂ ਜੀ ਨੇ ਉਨ੍ਹਾਂ ਲੋਕਾਂ ਦਾ ਜੀਵਨ ਬਦਲ ਕੇ ਰੱਖ ਦਿੱਤਾ। ਭਾਈ ਬਿਧੀ ਚੰਦ ਪਹਿਲਾਂ ਇਕ ਬਦਨਾਮ ਡਾਕੂ ਸੀ ਪਰ ਗੁਰੂ ਜੀ ਪਾਸ ਆਉਣ ਤੋਂ ਬਾਦ ਉਸ ਨੇ ਕਿਸੇ ਮਾਸੂਮ ਦਾ ਖੂਨ ਨਹੀਂ ਵਹਾਇਆ।

## ਸ਼ਿਕਾਰ ਅਤੇ ਮਾਸ

ਗੁਰੂ ਹਰਗੋਬਿੰਦ ਇਕ ਚੰਗੇ ਸ਼ਿਕਾਰੀ ਵੀ ਸਨ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਅਤੇ ਆਪਣੀਆਂ ਆਦਤਾਂ ਵਿਚ ਕਈ ਤਬਦੀਲੀਆਂ ਕੀਤੀਆਂ। ਉਹ ਆਪਣਾ ਬਹੁਤ ਸਮਾਂ ਜੰਗਲਾਂ ਵਿਚ ਜਾਨਵਰਾਂ ਦਾ ਪਿੱਛਾ ਕਰਦੇ ਹੋਏ ਸ਼ਿਕਾਰ ਵਿਚ ਬਿਤਾਉਂਦੇ। ਉਹ ਛੇਤੀ ਹੀ ਜੰਗਲੀ ਜਾਨਵਰਾਂ ਦੇ ਰਸਤਿਆਂ ਤੋਂ ਵਾਕਫ਼ ਹੋ ਗਏ। ਉਨ੍ਹਾਂ ਨੂੰ ਜੰਗਲੀ ਰਿੱਛ ਦਾ ਪਿੱਛਾ ਕਰਨਾ ਬਹੁਤ ਚੰਗਾ ਲਗਦਾ ਸੀ। ਉਨ੍ਹਾਂ ਨੂੰ ਹਿਰਨ ਦੇ ਸ਼ਿਕਾਰ ਵਿਚ ਮੁਹਾਰਤ ਹਾਸਲ ਸੀ। ਉਹ ਦਿਨ ਚੜ੍ਹਨ ਤੋਂ ਪਹਿਲਾਂ ਉੱਠਦੇ, ਨਹਾਉਂਦੇ, ਹਥਿਆਰ ਪੂਰੀ ਸ਼ਾਨ ਨਾਲ ਪਹਿਨਦੇ ਅਤੇ ਸਿੱਖਾਂ ਨੂੰ ਉਪਦੇਸ਼ ਦੇਣ ਲਈ ਹਰਿਮੰਦਰ ਜਾਂਦੇ। ਇਸ ਤੋਂ ਬਾਅਦ ਸਭ ਨੂੰ ਲੰਗਰ ਛਕਾਇਆ ਜਾਂਦਾ। ਫੇਰ ਕੁਝ ਸਮਾਂ ਆਰਾਮ ਕਰਨ ਤੋਂ ਬਾਦ ਗੁਰੂ ਜੀ ਸ਼ਿਕਾਰ ਲਈ ਤਿਆਰ ਹੋ ਕੇ ਆਪਣੇ ਘੋੜੇ ਤੇ ਸਵਾਰ ਹੁੰਦੇ ਤੇ ਸ਼ਿਕਾਰੀ ਕੁੱਤਿਆਂ, ਪਾਲਤੂ ਚੀਤਿਆਂ ਤੇ ਸ਼ਿਕਾਰੀ ਬਾਜਾਂ ਨੂੰ ਲੈ ਕੇ ਘਣੇ ਜੰਗਲਾਂ ਵਿਚ ਚਲੇ ਜਾਂਦੇ। ਰਾਤ ਪੈਣ ਤੋਂ ਪਹਿਲਾਂ ਉਹ ਆਪਣੇ ਮਾਰੇ ਹੋਏ ਜਾਨਵਰਾਂ ਸਮੇਤ ਵਾਪਸ ਪਰਤਦੇ। ਇਹਨਾਂ ਨੂੰ ਆਪਣੇ ਸਿੱਖਾ ਤੇ ਹੋਰ ਨਜ਼ਦੀਕ ਰਹਿਣ ਵਾਲੇ ਗਰੀਬ ਲੋਕਾਂ ਵਿਚ ਵੰਡ ਦਿੰਦੇ। ਇਸ ਤਰ੍ਹਾਂ ਗੁਰੂ ਜੀ ਨੇ ਮਾਸ ਸਮੇਤ ਹਰ ਤਰ੍ਹਾਂ ਦੀ ਖੁਰਾਕ ਤੋਂ ਪਾਬੰਦੀਆਂ ਹਟਾ ਦਿੱਤੀਆਂ। ਇਸ ਤਰ੍ਹਾਂ ਗੁਰੂ ਦਾ ਕੰਮ ਨਿਰੋਲ ਬੈਠ ਕੇ ਭਗਤੀ ਕਰਨਾ, ਬਾਣੀ ਰਚਣਾ ਜਾਂ ਪ੍ਰਾਰਥਨਾ ਕਰਨਾ ਨਹੀਂ ਸੀ ਰਿਹਾ। ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਇਕ ਛੋਟਾ ਜਿਹਾ ਲੋਹਗੜ੍ਹ ਦਾ ਕਿਲ੍ਹਾ ਵੀ ਬਣਾਇਆ।

## ਅਕਾਲ ਤਖ਼ਤ ਦੀ ਉਸਾਰੀ

ਹਰਿਮੰਦਰ ਤੋਂ ਕੁਝ ਹੀ ਕਦਮਾਂ ਦੀ ਦੂਰੀ ਤੇ ਇੱਕ ਹੋਰ ਇਮਾਰਤ ਬਣਵਾਈ ਜੋ 1609 ਈ. ਵਿਚ ਸੰਪੂਰਣ ਹੋਈ। ਜਿਸ ਦਾ ਨਾਂ 'ਅਕਾਲ ਤਖ਼ਤ' ਅਰਥਾਤ ਈਸ਼ਵਰ ਦੀ ਗੱਦੀ ਰੱਖਿਆ। ਗੁਰੂ ਸਾਹਿਬ ਉਥੇ ਬਾਰਾਂ ਫੁੱਟ ਉਚੇ ਚਬੂਤਰੇ ਤੇ ਸ਼ਹਿਜ਼ਾਦਿਆਂ ਵਾਂਗ ਬੈਠਦੇ। ਧਾਰਮਿਕ ਮਸਲਿਆਂ ਦਾ ਕੰਮ ਗੁਰੂ ਸਾਹਿਬ ਹਰਿਮੰਦਰ ਸਾਹਿਬ ਵਿਚ ਹੀ ਕਰਦੇ ਰਹੇ, ਪਰੰਤੂ ਸੰਸਾਰਿਕ ਮਸਲਿਆਂ ਲਈ ਸਥਾਨ ਹੁਣ ਅਕਾਲ ਤਖ਼ਤ ਬਣ ਗਿਆ। ਉਨ੍ਹਾਂ ਨੇ ਇਕ ਸ਼ਾਨਦਾਰ ਦਰਬਾਰ ਬਣਾ ਲਿਆ ਤੇ ਉਥੇ ਸਿੱਖਾਂ ਦੇ ਮਸਲਿਆਂ ਦੇ ਫੈਸਲੇ ਕੀਤੇ ਜਾਂਦੇ ਸਨ। ਇਥੇ ਹੀ ਸਿੱਖਾਂ ਨੂੰ ਸਨਮਾਨ ਵੀ ਦਿੱਤੇ ਜਾਂਦੇ ਅਤੇ ਸਜ਼ਾਵਾਂ ਵੀ। ਪੇਸ਼ਾਵਰ ਢਾਡੀ (ਅਬਦੁੱਲਾ ਵਗੈਰਾ) ਬੇਖ਼ੌਫ਼ ਬਹਾਦਰੀ ਤੇ ਖਾਸ ਕਰਕੇ ਰਾਜਪੂਤਾਂ ਦੀਆਂ ਬੇਮਿਸਾਲ ਲੜਾਈਆਂ ਤੇ ਬਹਾਦਰੀ ਦੇ ਗੀਤ ਵੀ ਇਥੇ ਗਾਉਂਦੇ ਸਨ। ਖਜ਼ਾਨ ਸਿੰਘ ਨੇ ਇਸ ਇਮਾਰਤ ਨੂੰ ''ਅਕਾਲ ਬੁੰਗਾ'' ਕਿਹਾ ਹੈ। ਮਸੰਦਾਂ ਦੇ ਖਾਤੇ ਤੇ ਹਿਸਾਬ ਵੀ ਇਥੇ ਹੀ ਚੈੱਕ ਕੀਤੇ ਜਾਂਦੇ ਸਨ।

ਦੋ-ਦੋ ਜਵਾਨਾਂ ਦੇ ਚਬੂਤਰੇ ਤੋਂ ਥੱਲੇ ਦੰਗਲ ਹੁੰਦੇ ਤੇ ਗੁਰੂ ਜੀ ਉਨ੍ਹਾਂ ਨੂੰ ਦੇਖਦੇ ਤੇ ਆਨੰਦ ਮਾਣਦੇ। ਗੁਰੂ ਜੀ ਆਪ ਵੀ ਅਕਸਰ ਬਹਾਦਰੀ ਦੇ ਕਿੱਸੇ ਸੁਣਾਉਂਦੇ ਜਿਵੇਂ ਕਿ ਖੁਸ਼ਵੰਤ ਸਿੰਘ ਕਹਿੰਦਾ ਹੈ, ''ਹਰਿਮੰਦਰ ਤੋਂ ਪਰਲੇ ਪਾਸੇ ਉਨ੍ਹਾਂ ਨੇ ਅਕਾਲ ਤਖ਼ਤ ਬਣਾਇਆ ਜਿਥੇ ਅਮਨ ਦੇ ਗੀਤ ਸੁਣਨ ਦੀ ਬਜਾਏ, ਇਕੱਠੇ ਹੋਏ ਲੋਕ ਬਹਾਦਰੀ ਭਰਪੂਰ ਵਾਰਾਂ ਸੁਣਦੇ, ਧਾਰਮਿਕ ਗੋਸ਼ਟੀਆਂ ਦੀ ਬਜਾਏ ਜੰਗੀ ਜਿੱਤਾਂ ਦੀਆਂ ਯੋਜਨਾਵਾਂ ਤੇ ਵਿਚਾਰਾਂ ਕੀਤੀਆਂ ਜਾਂਦੀਆਂ।'' ਅਕਾਲ ਤਖ਼ਤ ਦੀ ਉਸਾਰੀ ਨਾਲ, ਸਿੱਖ ਰਾਜਨੀਤੀ ਤੇ ਧਰਮ ਇਕੱਠੇ ਹੋ ਗਏ। ਖਜ਼ਾਨ ਸਿੰਘ ਦੀ ਰਾਏ ਅਨੁਸਾਰ, ਗੁਰੂ ਹਰਗੋਬਿੰਦ ਸਾਹਿਬ ਨੂੰ ਜਿਨ੍ਹਾਂ ਚਿਰ ਉਹ ਹਰਿਮੰਦਰ ਵਿਚ ਬਿਰਾਜਦੇ, ਇਕ ਸੰਤ ਸਮਝਿਆ ਜਾਵੇ ਤੇ ਜਦੋਂ ਉਹ ਅਕਾਲ ਬੁੰਗੇ ਵਿਖੇ ਬੈਠਦੇ ਸਨ ਤਾਂ ਰਾਜਾ ਸਮਝਿਆ ਜਾਵੇ।

ਗੁਰੂ ਜੀ ਆਪਣੇ ਸਿੱਖਾਂ ਨੂੰ ਸਰੀਰਕ ਤੇ ਆਤਮਿਕ ਦੋਵੇਂ ਤਰ੍ਹਾਂ ਦੀ ਚੜ੍ਹਦੀ ਕਲਾ ਵਿਚ ਰੱਖਣਾ ਚਾਹੁੰਦੇ ਸਨ। ਨਵੀਂ ਇਮਾਰਤ ਨੇ ਸਿੱਖਾਂ ਦੇ ਚਰਿੱਤਰ ਅਤੇ ਸੰਗਠਨ ਵਿਚ ਬਹੁਤ ਤਬਦੀਲੀ ਲੈ ਆਂਦੀ। ਇਸ ਨਾਲ ਸਿੱਖਾਂ ਵਿਚ ਨਵੀਂ ਜਾਗਰਤੀ ਆਈ ਤੇ ਸੈਨਿਕ ਰੁਚੀਆਂ ਬਲਵਾਨ ਹੋਈਆਂ।

## ਸਮੂਹਿਕ ਭਗਤੀ (ਪੂਜਾ)

ਗੁਰੂ ਹਰਗੋਬਿੰਦ ਨੇ ਸਮੂਹਿਕ ਭਗਤੀ ਦੀ ਪ੍ਰਥਾ ਨੂੰ ਜਾਰੀ ਰਖਿਆ। ਪਹਿਲੀ ਵਾਰ ਇਨ੍ਹਾਂ ਦੇ ਸਮੇਂ ਢਾਡੀਆਂ ਵਲੋਂ ਅਜਿਹੇ ਇਕੱਠਾਂ ਵਿਚ ਬਹਾਦਰੀ ਦੀ ਸੁਰ ਵਿਚ ਜੰਗੀ ਵਾਰਾਂ ਗਾਈਆਂ ਜਾਣ ਲਗੀਆਂ। ਆਸਾ ਦੀ ਵਾਰ ਦਿਨ ਵਿਚ ਦੋ ਵਾਰੀ ਗਾਈ ਜਾਣ ਲੱਗੀ, ਇਕ ਵਾਰੀ ਹਰਿਮੰਦਰ ਸਾਹਿਬ ਵਿਚ ਤੇ ਦੂਜੀ ਵਾਰੀ ਅਕਾਲ ਤਖ਼ਤ ਤੇ। ਰਾਤ ਸਮੇਂ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਉੱਚੀਆਂ ਆਵਾਜ਼ਾਂ ਵਿਚ ਗਾਉਂਦੇ ਅਤੇ ਆਪਣੇ ਹੱਥਾਂ ਵਿਚ ਬਲਦੀਆਂ ਮਿਸਾਲਾਂ ਲੈ ਕੇ ਹਰਿਮੰਦਰ ਦੇ ਦੁਆਲੇ ਘੁੰਮਦੇ ਰਹਿੰਦੇ। ਇਸ ਪ੍ਰਥਾ ਨਾਲ ਸਿੱਖਾਂ ਦੇ ਧਾਰਮਿਕ ਜੋਸ਼ ਵਿਚ ਹੀ ਵਾਧਾ ਨਹੀਂ ਸੀ ਹੋਇਆ ਸਗੋਂ ਇਨ੍ਹਾਂ ਨੇ ਉਨ੍ਹਾਂ ਵਿਚ ਏਕਤਾ, ਭਾਈਚਾਰਾ ਤੇ ਮਿਲਵਰਤਣ ਦੀ ਭਾਵਨਾ ਨੂੰ ਵੀ ਵਧਾਇਆ। ਦਾਬਿਸਤਾਨ ਦੇ ਲੇਖਕ ਅਨੁਸਾਰ, ''ਜਦੋਂ ਵੀ ਕਿਸੇ ਸਿੱਖ ਨੂੰ ਪਰਮਾਤਮਾ ਦੀ ਮਦਦ ਜਾਂ ਦਾਤ ਦੀ ਇੱਛਾ ਹੁੰਦੀ ਤਾਂ ਉਹ ਸੰਗਤ ਕੋਲ ਆ ਕੇ ਆਪਣੇ ਲਈ ਪ੍ਰਾਰਥਨਾ ਕਰਨ ਲਈ ਕਹਿੰਦਾ। ਇਥੋਂ ਤੀਕ ਕਿ ਗੁਰੂ ਆਪ ਵੀ ਆਪਣੇ ਲਈ ਸੰਗਤ ਨੂੰ ਪ੍ਰਾਰਥਨਾ ਕਰਨ ਲਈ ਕਹਿੰਦੇ।''

## ਨਵੀਂ ਨੀਤੀ ਦੀ ਸਮਾਲੋਚਨਾ

ਗੁਰੂ ਹਰਗੋਬਿੰਦ ਦੀ ਸੰਗਠਨਾਤਮਕ ਨੀਤੀ ਨਾਲ ਆਈਆਂ ਤਬਦੀਲੀਆਂ ਦੀ ਕਈ ਲੇਖਕਾਂ ਨੇ ਸਖਤ ਆਲੋਚਨਾ ਕੀਤੀ ਹੈ। ਇਨ੍ਹਾਂ ਲੇਖਕਾਂ ਦਾ ਕਹਿਣਾ ਹੈ ਕਿ ਗੁਰੂ ਹਰਗੋਬਿੰਦ ਨੇ ਆਪਣੇ ਪੂਰਵਾਧਿਕਾਰੀਆਂ ਦੇ ਸਿਧਾਂਤਾਂ ਨੂੰ ਤੋੜਿਆ। ਇਨ੍ਹਾਂ ਤਬਦੀਲੀਆਂ ਨੇ ਆਮ ਲੋਕਾਂ ਦੇ ਮਨਾਂ ਵਿਚ ਹੀ ਤੌਖਲਾ ਪੈਦਾ ਨਹੀਂ ਕੀਤਾ ਸਗੋਂ ਪੁਰਾਣੇ ਸਿੱਖਾਂ (ਪੁਰਾਣੀ ਵਿਚਾਰਧਾਰਾ ਵਾਲੇ) ਨੇ ਵੀ ਇਸ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ। ਭਾਈ ਬੁਢਾ ਜੀ, ਭਾਈ ਗੁਰਦਾਸ ਤੇ ਇਥੋਂ ਤੀਕ ਕਿ ਗੁਰੂ ਜੀ ਦੀ ਮਾਤਾ ਗੰਗਾ ਵੀ ਗੁਰੂ ਜੀ ਦੇ ਅਦਭੁਤ ਕੌਤਕਾਂ ਦਾ ਅਸਲ ਭਾਵ ਨਾ ਸਮਝ ਸਕੇ। ਪਰੰਤੂ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਨ੍ਹਾਂ ਨੂੰ ਗਲਤ ਕਹਿ ਕੇ ਇਸ ਦੀ ਵਿਰੋਧਤਾ ਨਹੀਂ ਕੀਤੀ। ਕੁਝ ਆਲੋਚਕ ਹਾਲੀ ਵੀ ਸੋਚਦੇ ਹਨ ਕਿ ਉਹ ਤਾਕਤ ਦੇ ਨਸ਼ੇ ਵਿਚ ਚੂਰ ਸਨ ਤੇ ਜਾਂ ਤਾਕਤ ਦੇ ਪਿਆਸੇ ਸਨ। ਉਹ ਪਦਾਰਥਕ ਉਦੇਸ਼ਾਂ ਦੀ ਪ੍ਰਾਪਤੀ ਵਿਚ ਲਗ ਗਏ ਸਨ। ਕੁਝ ਆਧੁਨਿਕ ਆਲੋਚਕਾਂ ਨੇ ਵੀ ਇਸ ਨੀਤੀ ਦੀ ਤਬਦੀਲੀ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਕ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟੋਇਨਬੀ ਲਿਖਦਾ ਹੈ, ''ਸਿੱਖ ਧਾਰਮਿਕ ਸਿਖਰ ਤੋਂ ਰਾਜਨੀਤਿਕ ਖਾਈ ਵਿਚ ਆ ਗਏ।'' ਉਹ ਅੱਗੇ ਲਿਖਦਾ ਹੈ ਕਿ ਸਿੱਖ ਧਰਮ ਦੀ ਗਿਰਾਵਟ

ਨੂੰ ਚਲਾਕ ਹਿੰਦੂਆਂ ਨੇ ਮੁਗਲ ਸਾਮਰਾਜ ਦੇ ਵਿਰੁੱਧ ਇਕ ਹਥਿਆਰ ਵਜੋਂ ਵਰਤਿਆ। ਇਹ ਲੇਖਕ ਅਜੇ ਵੀ ਵਿਸ਼ਵਾਸ ਕਰਦੇ ਸਨ ਕਿ ਗੁਰੂ ਜੀ ਨੇ ਆਦਿ ਗ੍ਰੰਥ ਲਈ ਇਕ ਸਤਰ ਵੀ ਨਹੀਂ ਲਿਖੀ। ਰਾਜਨੀਤੀ ਦੇ ਨਸ਼ੇ ਤੇ ਹਥਿਆਰਾਂ ਦੀ ਚਮਕ ਨੇ ਉਨ੍ਹਾਂ ਨੂੰ ਧਾਰਮਿਕ ਤੇ ਅਧਿਆਤਮਕ ਰਸਤੇ ਤੋਂ ਭਟਕਾ ਦਿੱਤਾ ਸੀ। ਗੁਰੂ ਸਾਹਿਬ ਨੇ ਭਗੌੜੇ ਮੁਗਲ ਸੈਨਿਕਾਂ ਨੂੰ ਸ਼ਰਨ ਦਿੱਤੀ। ਇਨ੍ਹਾਂ ਲੇਖਕਾਂ ਅਨੁਸਾਰ ਗੁਰੂ ਸਾਹਿਬ ਵਲੋਂ ਸੱਚਾ ਪਾਤਸ਼ਾਹ, ਰਾਜ ਤੇ ਤਖਤ ਸ਼ਬਦਾਂ ਦਾ ਅਪਨਾਇਆ ਜਾਣਾ ਵੀ ਨਵੀਂ ਗੱਲ ਸੀ। ਸਮਕਾਲੀਨ ਲੇਖਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਆਪਣਾ ਬਹੁਤ ਸਮਾਂ ਆਪਣੇ ਫੌਜੀ ਅਫ਼ਸਰਾਂ ਨਾਲ ਬਿਤਾਉਂਦੇ ਸਨ ਜੋ ਕਿ ਉਨ੍ਹਾਂ ਤੋਂ ਪਹਿਲੇ ਗੁਰੂਆਂ ਨੇ ਕਦੀ ਨਹੀਂ ਸੀ ਕੀਤਾ। ਹਥਿਆਰਾਂ, ਘੋੜਿਆਂ ਤੇ ਦੂਜੇ ਜੰਗੀ ਸਮਾਨ ਦੀ ਭੇਟ ਲੈ ਕੇ ਗੁਰੂ ਜੀ ਬਹੁਤ ਖੁਸ਼ ਹੁੰਦੇ ਸਨ। ਉਹ ਅਧਿਆਤਮਕ ਜੀਵਨ ਨਾਲੋਂ ਰਾਜਨੀਤੀ ਵਿਚ ਜ਼ਿਆਦਾ ਦਿਲਚਸਪੀ ਰਖਦੇ ਸਨ। ਇਨ੍ਹਾਂ ਨਵੀਆਂ ਨੀਤੀਆਂ ਦੇ ਕਾਰਣ ਹੀ ਜਹਾਂਗੀਰ ਵਲੋਂ ਗੁਰੂ ਹਰਗੋਬਿੰਦ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ। ਮੁਗਲ ਸ਼ਹਿਨਸ਼ਾਹ ਨੇ ਇਸ ਨੀਤੀ ਨੂੰ ਆਪਣੇ ਰਾਜ ਦੇ ਖਿਲਾਫ਼ ਤੇ ਨੁਕਸਾਨਦਾਇਕ ਸਮਝਿਆ। ਇਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੇ ਕੰਮ ਨੂੰ ਨੁਕਸਾਨ ਹੋਇਆ। ਗੁਰੂ ਦੀਆਂ ਇਛਾਵਾਂ ਅਨੁਸਾਰ ਸਿੱਖ ਧਰਮ ਦੀਆਂ ਪੁਰਾਣੀਆਂ ਰੀਤਾਂ ਤੇ ਰਸਮਾਂ ਨੂੰ ਬਦਲ ਦਿੱਤਾ ਗਿਆ।

ਪਰ ਇਨ੍ਹਾਂ ਆਲੋਚਕਾਂ ਨੇ ਇਹ ਨਤੀਜੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਗਲਤ ਸਮਝਣ ਦੇ ਕਾਰਣ ਕੱਢੇ ਹਨ। ਇਨ੍ਹਾਂ ਲੇਖਕਾਂ ਨੇ ਗੁਰੂ ਜੀ ਨੂੰ ਗਲਤ ਸਮਝਿਆ ਹੈ। ਇਨ੍ਹਾਂ ਲੇਖਕਾਂ ਨੇ ਉਨ੍ਹਾਂ ਹਾਲਤਾਂ ਨੂੰ ਧਿਆਨ ਵਿਚ ਨਹੀਂ ਰਖਿਆ ਜਿਨ੍ਹਾਂ ਵਿਚ ਗੁਰੂ ਹਰਗੋਬਿੰਦ ਗੁਰਗੱਦੀ ਤੇ ਬੈਠੇ ਸਨ ਤੇ ਆਪਣੇ ਪੂਰਵਾਧਿਕਾਰੀਆਂ ਦੀ ਨੀਤੀ ਨੂੰ ਬਦਲਿਆ ਸੀ। ਗੁਰੂ ਹਰਗੋਬਿੰਦ ਦੇ ਆਲੇ ਦੁਆਲੇ ਬੜੀ ਤੇਜ਼ੀ ਨਾਲ ਘਟਨਾਵਾਂ ਵਾਪਰੀਆਂ। ਆਪਣੇ ਪਿਤਾ ਦੀ ਸ਼ਹੀਦੀ ਅਤੇ ਆਪਣੀ ਨਜ਼ਰਬੰਦੀ ਤੋਂ ਉਨ੍ਹਾਂ ਸਮਝ ਲਿਆ ਸੀ ਕਿ ਉਨ੍ਹਾਂ ਦੇ ਸ਼ਰਧਾਲੂਆਂ ਲਈ ਔਖੇ ਦਿਨ ਆ ਗਏ ਹਨ। ਸਿਰਫ਼ ਤਲਵਾਰ ਨੂੰ ਧਾਰਨ ਕਰ ਲੈਣ ਨਾਲ ਸਿੱਖ ਗੁਰੂ ਨਾ ਤਾਂ ਆਤਮਿਕ ਵਿਚਾਰਾਂ ਦੇ ਉਚੇ ਆਦਰਸ਼ਾਂ ਤੋਂ ਡਿਗੇ ਤੇ ਨਾ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਮੁਗਲ ਸਾਮਰਾਜ ਵਿਰੁੱਧ ਹਿੰਦੂ ਪ੍ਰਤਿਕਿਰਿਆ ਦਾ ਨਜਾਇਜ਼ ਹਥਿਆਰ ਹੀ ਬਣਨ ਦਿੱਤਾ। ਅੰਦਰੂਨੀ ਤੇ ਬਾਹਰੀ ਤੌਰ ਤੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ ਤੇ ਗੁਰੂ ਜੀ ਦੀ ਨੀਤੀ ਇਸ ਬਦਲੇ ਹੋਏ ਹਾਲਾਤ ਮੁਤਾਬਕ ਆਪਣੇ ਆਪ ਨੂੰ ਢਾਲਣ ਦਾ ਇਕ ਯਤਨ ਸੀ। ਸਿੱਖਾਂ ਦਾ ਜਥੇਬੰਦਕ ਵਿਕਾਸ ਬਹੁਤਾ ਅਕਬਰ ਦੇ ਸਮੇਂ ਵਿਚ ਹੋਇਆ ਕਿਉਂਕਿ ਉਸ ਦੀ ਨੀਤੀ ਸਹਿਨਸ਼ੀਲਤਾ ਤੇ ਨਾ-ਦਖ਼ਲਅੰਦਾਜ਼ੀ ਦੀ ਸੀ ਤੇ ਉਸ ਨੇ ਤਾਂ ਕਈ ਵਾਰੀ ਤੇ ਕਈ ਢੰਗਾਂ ਨਾਲ ਗੁਰੂਆਂ ਦੀ ਮਦਦ ਵੀ ਕੀਤੀ। ਪਰੰਤੂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਗੁਰੂ ਹਰਗੋਬਿੰਦ ਜੀ ਦੀ ਨਜ਼ਰਬੰਦੀ ਨੇ ਇਹ ਗੱਲ ਨਿਸ਼ਚਿਤ ਤੌਰ ਤੇ ਸਾਫ਼ ਕਰ ਦਿੱਤੀ ਸੀ ਕਿ ਔਖੇ ਤੇ ਮੁਸ਼ਕਲ ਭਰੇ ਦਿਨ ਆ ਰਹੇ ਹਨ ਤੇ ਸਿਰਫ਼ ਸ਼ਾਂਤੀਪੂਰਣ ਜਥੇਬੰਦੀ ਬਹੁਤੀ ਦੇਰ ਨਹੀਂ ਚਲ ਸਕਦੀ। ਗੁਰੂ ਅਰਜਨ ਦੇਵ ਜੀ ਨੇ ਭਵਿਖਬਾਣੀ ਕੀਤੀ ਸੀ ਤੇ ਗੁਰੂ ਹਰਗੋਬਿੰਦ ਜੀ ਨੇ ਦੇਖ ਲਿਆ ਸੀ ਕਿ ਸਿੱਖ ਸਮੁਦਾਇ ਤੇ ਜਥੇਬੰਦੀ ਦੀ ਰਖਿਆ ਹਥਿਆਰਾਂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ ਅਤੇ ਜਿਸ ਤਰੀਕੇ ਨਾਲ ਉਨ੍ਹਾਂ ਨੇ (ਗੁਰੂ ਹਰਗੋਬਿੰਦ) ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੀ ਕਾਰਵਾਈ ਕੀਤੀ, ਉਸ ਤੋਂ ਉਨ੍ਹਾਂ ਦੀ ਸਿਆਣਪ ਅਤੇ ਕੁਟਿਲ ਰਾਜਨੀਤਿਕ ਸੂਝ-ਬੂਝ ਦਾ ਪਤਾ ਚਲਦਾ ਹੈ।

ਸਿੱਖ ਧਰਮ ਦਾ ਜਨਮ ਹੀ ਧਰਮ ਵਿਚਾਲੇ ਭਰਿਸ਼ਟਾਚਾਰ ਅਤੇ ਨਿਘਾਰ ਦੀ ਪ੍ਰਤੀਕਿਰਿਆ ਵਜੋਂ ਹੋਇਆ ਸੀ। ਸ਼ਾਸਕ ਵਰਗ ਦੇ ਜ਼ੁਲਮ ਵੀ ਇਸ ਦੇ ਜ਼ਿੰਮੇਵਾਰ ਸਨ। ਸ਼ੁਰੂ ਤੋਂ ਹੀ ਸਿੱਖ ਧਰਮ ਨੇ ਐਲਾਨ ਕੀਤਾ ਕਿ ਲੜਾਈ (ਯੁੱਧ) ਜਾਇਜ਼ ਹੈ, ਇਕ ਕੌਮੀ ਨੀਤੀ ਦੇ ਤੌਰ ਤੇ ਨਿਜੀ ਨੀਤੀ ਵਜੋਂ ਵੀ ਇਸ

ਦੀ ਇਜਾਜ਼ਤ ਸਵੈ-ਰਖਿਆ ਦੇ ਆਧਾਰ ਤੇ ਦਿੱਤੀ ਗਈ। ਇਹ ਇਕ ਸਾਧਨ ਸੀ ਨਾ ਕਿ ਉਦੇਸ਼। ਸਿੱਖ ਧਰਮ ਵਿਚ ਤਲਵਾਰ ਚੁਕਣਾ ਉਦੋਂ ਜਾਇਜ਼ ਹੈ ਜਦੋਂ ਸ਼ਾਂਤੀਪੂਰਣ ਤਰੀਕੇ ਸਾਰੇ ਅਸਫਲ ਹੋ ਜਾਣ। ਸਿੱਖ ਇਨਸਾਫ਼, ਮਾਣ, ਇਜ਼ਤ ਤੇ ਆਪਣੀ ਏਕਤਾ ਲਈ ਬੇਝਿਜਕ ਲੜਾਈ ਵਿਚ ਕੁੱਦ ਪੈਂਦਾ ਹੈ। ਗੁਰੂ ਨਾਨਕ ਨੇ ਜਦੋਂ ਆਪਣਾ ਕੰਮ ਸ਼ੁਰੂ ਕੀਤਾ ਤਾਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਆਪਣੇ ਲੋਕਾਂ ਅਤੇ ਧਰਮ ਵਿਚ ਗਿਰਾਵਟ ਨੂੰ ਦੇਖਿਆ ਤੇ ਮਹਿਸੂਸ ਕੀਤਾ। ਉਹ ਲੋਕਾਂ ਨੂੰ ਬਦੇਸ਼ੀ ਗੁਲਾਮੀ ਅਤੇ ਪੁਜਾਰੀ ਜਮਾਤ ਦੇ ਆਡੰਬਰਾਂ ਤੋਂ ਆਜ਼ਾਦ ਦੇਖਣਾ ਚਾਹੁੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ''ਹਰ ਸੱਚੇ ਆਦਮੀ ਦਾ ਇਕ ਹੱਕ ਹੈ ਤੇ ਫਰਜ਼ ਹੈ ਕਿ ਉਹ ਸੱਚ ਲਈ ਲੜੇ ਅਤੇ ਸੱਚ ਲਈ ਮਰੇ,'' ਇਥੋਂ ਤਕ ਕਿ ਗੁਰੂ ਨਾਲ ਤਾਂ ਆਪਣੀ ਮਾਂ ਬੋਲੀ ਨੂੰ ਛੱਡ ਕੇ ਬਦੇਸ਼ੀ ਭਾਸ਼ਾ ਦੀ ਵਰਤੋਂ ਦੇ ਵੀ ਵਿਰੁੱਧ ਸਨ।ਜਿਵੇਂ ਕਿ ਮੈਕਾਲਿਫ਼ ਲਿਖਦਾ ਹੈ, 'ਉਹ ਭਲੇ ਅਤੇ ਨਿਮਰ ਸਨ, ਫਿਰ ਵੀ ਮੌਕਾ ਪੈਣ ਅਤੇ ਜਦੋਂ ਉਨ੍ਹਾਂ ਦੇ ਮਾਣ ਸਨਮਾਨ ਨੂੰ ਛੇੜਿਆ ਜਾਂਦਾ ਤਾਂ ਉਹ ਦਿਖਾ ਦਿੰਦੇ ਸਨ ਕਿ ਉਹ ਕਿੰਨੇ ਨਿਡਰ ਅਤੇ ਪੱਕੇ ਸਨ ਜਿਵੇਂ ਕਿ ਗੁਰੂ ਅੰਗਦ ਦੇਵ ਜੀ ਨੇ ਦਿਖਾਇਆ ਜਦੋਂ ਉਨ੍ਹਾਂ ਨੂੰ ਹਮਾਯੂੰ ਨੇ ਧਮਕੀ ਦਿੱਤੀ ਸੀ।' ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਜਥੇਬੰਦੀ ਬਹੁਤ ਹੀ ਮਸ਼ਹੂਰ ਹੋ ਗਈ ਸੀ। ਤੇਜਾ ਸਿੰਘ ਤੇ ਗੰਡਾ ਸਿੰਘ ਲਿਖਦੇ ਹਨ ਕਿ 'ਗੁਰੂ ਅਰਜਨ ਦੇਵ ਜੀ ਨੇ ਵੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਰਾਹੀਂ ਸੰਘਰਸ਼ ਦੀ ਗੱਲ ਕੀਤੀ ਸੀ। ਉਨ੍ਹਾਂ ਦੀ ਦਿਲ ਵਧਾਊ ਕਮਾਨ ਥੱਲੇ ਸਿੱਖਾਂ ਨੇ ਚਰਿਤਰ ਦੀ ਐਸੀ ਮਜ਼ਬੂਤੀ ਪ੍ਰਾਪਤ ਕਰ ਲਈ ਸੀ ਜੋ ਕਿ ਜ਼ੁਲਮ ਅਤੇ ਭਰਿਸ਼ਟਾਚਾਰ ਦੇ ਖਿਲਾਫ਼ ਲੋਹਾ ਲੈ ਸਕਣ ਦੇ ਸਮਰਥ ਹੋ ਗਈ ਸੀ। ਉਨ੍ਹਾਂ ਨੇ ਜਥੇਬੰਦੀ ਸੰਬੰਧੀ ਆਪਣੇ ਕੰਮ ਤੋਂ ਬਾਦ ਸਿੱਖਾਂ ਵਿਚ ਇਹ ਕੁਟ-ਕੁਟ ਕੇ ਭਰ ਦਿੱਤੀ ਸੀ ਕਿ ਮੰਗਣ ਦੇ ਦਿਨ ਹੁਣ ਖਤਮ ਹੋ ਗਏ ਹਨ ਕਿਉਂਕਿ ਹੁਣ ਕੋਈ ਇਕ ਦੂਜੇ ਨੂੰ ਅਪਮਾਨਿਤ ਨਹੀਂ ਕਰ ਸਕੇਗਾ। ਜਦੋਂ ਮੁਗਲ ਸਰਕਾਰ ਦੇ ਇਕ ਮੰਤਰੀ ਬੀਰਬਲ ਨੇ ਅੰਮ੍ਰਿਤਸਰ ਦੇ ਹਰ ਖਤਰੀ ਤੋਂ ਵਿਸ਼ੇਸ਼ ਟੈਕਸ ਦੀ ਮੰਗ ਕੀਤੀ ਸੀ ਤੇ ਗੁਰੂ ਅਰਜਨ ਦੇਵ ਜੀ ਨੇ ਇਹ ਟੈਕਸ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਲਈ ਉਸ ਨੇ ਤਾਕਤ ਨਾਲ ਗੁਰੂ ਜੀ ਨੂੰ ਕੁਚਲਣ ਦੀ ਧਮਕੀ ਦਿੱਤੀ। ਸਿਰਫ ਇਕ ਦੁਰਘਟਨਾ ਵਸ ਇਹ ਗੱਲ ਅੱਗੇ ਪੈ ਗਈ। ਪਰੰਤੂ ਗੁਰੂ ਅਰਜਨ ਦੇਵ ਦੀ ਸ਼ਹੀਦੀ ਨੇ ਸਿੱਖਾਂ ਨੂੰ ਇਕ ਗੱਲ ਦਰਿੜ ਕਰਵਾ ਦਿੱਤੀ ਸੀ ਕਿ ਜੇਕਰ ਉਹ ਅਣਖ ਨਾਲ ਜੀਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਥਿਆਰ ਧਾਰਨ ਕਰਨੇ ਹੀ ਪੈਣਗੇ ਤੇ ਲੜਨਾ ਹੀ ਪੈਣਾ ਹੈ। ਸਮੇਂ ਦੀ ਲੋੜ ਨੂੰ ਦੇਖਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਨੂੰ ਭਾਈ ਬੁੱਢਾ, ਇਕ ਸਤਿਕਾਰਿਤ ਤੇ ਬਜ਼ੁਰਗ ਸਿੱਖ ਦੀ ਸਰਪ੍ਰਸਤੀ ਹੇਠ ਰਖਿਆ, ਜਿਸ ਨੇ ਉਸ ਨੂੰ ਸੰਤ ਸਿਪਾਹੀ ਬਣਾਉਣਾ ਸੀ। ਭਾਈ ਬੁੱਢਾ ਜੀ ਨੇ ਪਿਆਰ-ਪਿਆਰ ਵਿਚ ਹੀ ਉਸ ਨੂੰ ਹਰ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ, ਘੋੜ ਸਵਾਰੀ, ਸ਼ਿਕਾਰ ਅਤੇ ਕੁਸ਼ਤੀ ਵੀ ਸਿਖਾਈ ਅਤੇ ਨਾਲ ਹੀ ਆਤਮਿਕ ਚਾਨਣ ਵੀ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਸਦਾ ਸੱਚ ਅਤੇ ਇਨਸਾਫ਼ ਲਈ ਤਲਵਾਰ ਚੁੱਕੀ। ਜੋ ਭਿੰਨ-ਭਿੰਨ ਗਤੀਵਿਧੀਆਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ਼ੁਰੂ ਕੀਤੀਆਂ ਉਹ ਮੁਢੋਂ ਹੀ ਨਵੀਆਂ ਨਹੀਂ ਸਨ। ਪਹਿਲੇ ਗੁਰੂਆਂ ਦੀਆਂ ਤੇ ਖਾਸ ਕਰ ਗੁਰੂ ਅੰਗਦ ਦੇਵ ਦੀਆਂ ਲਿਖਤਾਂ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਸ਼ਬਦ-ਸੱਚਾ ਪਾਤਸ਼ਾਹ, ਰਾਜ ਦਰਬਾਰ ਤੇ ਤਖ਼ਤ ਆਦਿ ਜਾਣੇ ਜਾਣ ਲਗ ਪਏ ਸਨ, ਸੋ ਇਹ ਕੋਈ ਨਵੀਂ ਗੱਲ ਨਹੀ ਸੀ। ਇਹ ਸ਼ੁਰੂ ਤੋਂ ਹੀ ਵਰਤੇ ਜਾ ਰਹੇ ਸਨ। ਇਹ ਅਜਿਹੇ ਸ਼ਬਦ ਸਨ ਜੋ ਮਾਣਯੋਗ ਲੋਕਾਂ ਦੇ ਸੰਬੰਧ ਵਿਚ ਵਰਤੇ ਜਾਂਦੇ ਸਨ। ਕਈ ਇਸ ਤੋਂ ਇਲਾਵਾ ਪੁਰਾਣੀਆਂ ਲਿਖਤਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਕੁਝ ਸਮਕਾਲੀ, ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਕੋਲ ਗਏ ਤੇ ਗੁਰੂ ਸਾਹਿਬ ਵਲੋਂ ਨਵੇਂ ਚੁੱਕੇ ਕਦਮਾਂ ਦੇ ਵਿਰੁੱਧ ਸ਼ਿਕਾਇਤ ਕੀਤੀ ਜੋ ਕਿ ਪਹਿਲਾਂ ਹੋਏ ਗੁਰੂਆਂ ਦੇ ਦਿਖਾਏ ਰਾਹ ਦੇ ਅਨੁਸਾਰ ਨਹੀਂ ਸਨ। ਇਹ ਵੀ ਕਿਹਾ

ਗਿਆ ਕਿ ਇਨ੍ਹਾਂ ਨਾਲ ਮੁਗਲ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਵੀ ਬਹਾਨਾ ਲੱਭੇਗਾ। ਪਰ ਵਾਸਤਵ ਵਿਚ ਇਹ ਘਟਨਾ ਜਾਂ ਬਿਆਨ ਗਲਤ ਜਾਪਦੇ ਹਨ ਕਿਉਂਕਿ ਗੁਰੂ ਹਰਗੋਬਿੰਦ ਨੂੰ ਨਵੀਂ ਨੀਤੀ ਅਨੁਸਾਰ ਸਿਖਲਾਈ ਬਾਬਾ ਬੁੱਢਾ ਜੀ ਵਲੋਂ ਹੀ ਦਿੱਤੀ ਗਈ ਸੀ। ਭਾਈ ਗੁਰਦਾਸ ਨਵੀਂ ਨੀਤੀ ਨੂੰ ਉਚਿਤ ਠਹਿਰਾਉਂਦੇ ਹੋਏ ਲਿਖਦੇ ਹਨ ਕਿ ਜਿਵੇਂ ਖੂਹ ਵਿਚੋਂ ਪਾਣੀ ਨੂੰ ਬਾਹਰ ਕੱਢਣ ਲਈ ਡੋਲ ਨੂੰ ਰੱਸੀ ਨਾਲ ਬੰਨ੍ਹਣਾ ਹੀ ਪਵੇਗਾ ਅਤੇ ਮਣੀ ਨੂੰ ਪ੍ਰਾਪਤ ਕਰਨ ਲਈ ਸੱਪ ਨੂੰ ਮਾਰਨਾ ਹੀ ਪਵੇਗਾ ਤੇ ਹਿਰਨ ਤੋਂ ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਨੂੰ ਮਾਰਨਾ ਹੀ ਪੈਂਦਾ ਹੈ, ਤੇਲ ਕੱਢਣ ਲਈ ਤਿਲਾਂ ਨੂੰ ਪੀੜਨਾ ਹੀ ਪੈਂਦਾ ਹੈ ਤੇ ਦਾਣਿਆਂ ਨੂੰ ਪ੍ਰਾਪਤ ਕਰਨ ਲਈ ਅਨਾਰ ਨੂੰ ਤੋੜਨਾ ਹੀ ਪੈਂਦਾ ਹੈ, ਇਸੇ ਤਰ੍ਹਾਂ ਜ਼ਾਲਿਮ ਲੋਕਾਂ ਨੂੰ ਸੋਧਣ ਲਈ ਤਲਵਾਰ ਚੁਕਣੀ ਹੀ ਪੈਂਦੀ ਹੈ।

ਇਸ ਲਈ ਇਹ ਕਹਿਣਾ ਗਲਤ ਹੈ ਕਿ ਨਵੀਂ ਨੀਤੀ ਤੇ ਚਲਣ ਕਰਕੇ ਗੁਰੂ ਹਰਗੋਬਿੰਦ ਨੇ ਆਪਣੇ ਪੂਰਵਾਧਿਕਾਰੀਆਂ ਵਾਂਗ ਆਤਮਿਕ ਵਿਕਾਸ ਨਹੀਂ ਕੀਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿਚ ਜੇਕਰ ਪੁੰਗਰ ਰਹੇ ਸਿੱਖ ਸਮਾਜ ਦੀ ਰਖਿਆ ਕਰਨੀ ਹੈ ਤਾਂ ਤਲਵਾਰ ਚੁੱਕਣੀ ਹੀ ਪਵੇਗੀ। ਮੁਗਲਾਂ ਦੇ ਵਤੀਰੇ ਵਿਚ ਤਬਦੀਲੀ ਆਉਣ ਕਾਰਣ ਸਿੱਖਾਂ ਨੂੰ ਬਦਲਣਾ ਪਿਆ। ਉਨ੍ਹਾਂ ਨੇ ਆਪਣੇ ਆਪ ਨੂੰ ਸ਼ਾਂਤੀ ਪੂਰਵਕ ਭਗਤਾਂ ਦੀ ਥਾਂ ਸੰਤ-ਸਿਪਾਹੀ ਦੇ ਰੂਪ ਵਿਚ ਬਦਲ ਲਿਆ ਇਸ ਵਿਚ ਨਵੀਂ ਗੱਲ ਕੋਈ ਨਹੀਂ ਸੀ। ਇਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਕੰਮ ਕਰਦੀਆਂ ਆ ਰਹੀਆਂ ਭਿੰਨ-ਭਿੰਨ ਸ਼ਕਤੀਆਂ ਦਾ ਇਕ ਕੁਦਰਤੀ ਫਲ ਜਾਂ ਨਤੀਜਾ ਸੀ। ਜਿਹੜੇ ਇਹ ਕਹਿੰਦੇ ਹਨ ਕਿ ਗੁਰੂ ਆਪਣੇ ਪੂਰਵਾਧਿਕਾਰੀਆਂ ਦੇ ਦੱਸੇ ਰਸਤੇ ਤੋਂ ਪੱਛੜ ਗਏ ਸਨ, ਉਹ ਉਨ੍ਹਾਂ ਨੂੰ ਗਲਤ ਸਮਝ ਰਹੇ ਸਨ। ਉਨ੍ਹਾਂ ਨੇ ਸਿੱਖਾਂ ਵਿਚ ਸ੍ਵੈ-ਭਰੋਸਾ ਤੇ ਸ੍ਵੈ-ਮਦਦ ਦਾ ਜ਼ਜ਼ਬਾ ਤੇ ਜੋਸ਼ ਜਗਾਇਆ। ਸਿੱਖਾਂ ਦੇ ਦਿਲਾਂ ਵਿਚ ਕੌਮੀ-ਭਾਵਨਾ ਭਰੀ ਗਈ। ਅਸਲ ਵਿਚ ਗੁਰੂ ਜੀ ਨੇ ਆਪਣੇ ਸ਼ਗਿਰਦਾਂ ਨੂੰ ਸਦੀਆਂ ਦੀ ਨੀਂਦ ਵਿਚੋਂ ਜਗਾਇਆ ਅਤੇ ਉਨ੍ਹਾਂ ਨੂੰ ਮੁਗਲਾਂ ਦੇ ਖਿਲਾਫ਼ ਇਕੱਠੇ ਕਰ ਦਿੱਤਾ। ਡਾ. ਇੰਦੂ ਭੂਸ਼ਣ ਬੈਨਰਜੀ ਦੀ ਰਾਏ ਵਿਚ, ''ਜੇਕਰ ਗੁਰੂ ਹਰਗੋਬਿੰਦ ਨੇ ਇਹ ਨਵੀਂ ਨੀਤੀ ਨਾ ਅਪਣਾਈ ਹੁੰਦੀ ਤਾਂ ਨੇਕ ਸਿੱਖ ਗ੍ਰਿਹਿਸਥੀਆਂ ਦਾ ਇਹ ਸਮਾਜ ਜਾਂ ਤਾਂ ਖਤਮ ਹੋ ਗਿਆ ਹੁੰਦਾ ਜਾਂ ਸਾਧਾਂ ਸੰਤਾਂ ਦੀ ਇਕ ਸੀਮਤ ਜਮਾਤ ਬਣ ਕੇ ਰਹਿ ਜਾਂਦਾ।''

## ਜਥੇਬੰਦਕ ਤਬਦੀਲੀਆਂ ਦਾ ਪ੍ਰਭਾਵ

ਨਵੀਆਂ ਜਥੇਬੰਦਕ ਤਬਦੀਲੀਆਂ ਨੇ ਸਿੱਖ ਦੇ ਚਰਿੱਤਰ ਤੇ ਡੂੰਘਾ ਪ੍ਰਭਾਵ ਪਾਇਆ। ਉਹ ਸੰਤਾਂ ਤੋਂ ਸੰਤ-ਸਿਪਾਹੀ ਬਣ ਗਏ। ਸਿੱਖਾਂ ਦੇ ਮਨਾਂ ਵਿਚ ਬਲਵਾਨ ਫੌਜੀ ਭਾਵਨਾ ਆ ਗਈ ਜਿਵੇਂ ਕਿ ਤੇਜਾ ਸਿੰਘ, ਗੰਡਾ ਸਿੰਘ ਦਾ ਕਹਿਣਾ ਹੈ :

''ਇਨ੍ਹਾਂ ਸਭ ਕਾਰਜਾਂ ਨੇ ਸਿੱਖਾਂ ਦੇ ਮਨਾਂ ਵਿਚ ਇਕ ਨਵੀਂ ਰੂਹ ਭਰ ਦਿੱਤੀ ਤੇ ਇਤਿਹਾਸਕ ਹਵਾਲਿਆਂ ਦੇ ਅਨੁਸਾਰ ਉਹ ਬਰਸਾਤ ਦੇ ਮੌਸਮ ਵਿੱਚ ਸਬਜ਼ੀਆਂ ਦੇ ਵਾਂਗ ਫੁੱਟਣ ਵਾਂਗ ਵਧਣ ਫੁੱਲਣ ਲਗੇ।''

ਇਹ ਨਵੀਂ ਤਬਦੀਲੀ ਆਉਣ ਵਾਲੇ ਦਿਨਾਂ ਵਿਚ ਸਿੱਖਾਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਈ। ਸ੍ਵੈ-ਭਰੋਸੇ ਦੀ ਭਾਵਨਾ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰ ਦਿੱਤਾ। ਸਿੱਖਾਂ ਦੀ ਏਕਤਾ ਅਤੇ ਗੁਰੂ ਜੀ ਦੀ ਅਗਵਾਈ ਨੇ ਦੁਸ਼ਮਣਾਂ ਨੂੰ ਕੁਚਲ ਦਿੱਤਾ। ਕੌਮੀ ਭਾਵਨਾ ਲੋਕਾਂ ਦੀ ਭਾਵਨਾ ਬਣ ਗਈ। ਗੁਰੂ ਹਰਗੋਬਿੰਦ ਤੋਂ ਪਹਿਲੇ ਗੁਰੂਆਂ ਦੇ ਸਮੇਂ ਜੱਟਾਂ ਨੇ ਸਿੱਖ ਧਰਮ ਨੂੰ ਧਾਰਨ ਕਰ ਲਿਆ ਸੀ। ਹੁਣ ਉਹਨਾਂ ਨੂੰ ਆਪਣੀ ਵਾਧੂ ਸ਼ਕਤੀ ਦੇ ਨਿਕਾਸ ਲਈ ਰਸਤਾ ਮਿਲ ਗਿਆ ਸੀ। ਸਾਮਰਾਜੀ ਸ਼ਕਤੀਆਂ ਤੇ ਜ਼ੁਲਮ ਦਾ ਹਥਿਆਰਬੰਦ ਵਿਰੋਧ ਸ਼ੁਰੂ ਹੋ ਗਿਆ।

ਗੁਰੂ ਹਰਗੋਬਿੰਦ ਦੁਆਰਾ ਸ਼ੁਰੂ ਕੀਤੇ ਜ਼ੁਲਮ ਦੇ ਖਿਲਾਫ਼ ਆਜ਼ਾਦੀ ਲਈ ਸੰਘਰਸ਼ ਨੂੰ ਸਿੱਖਾਂ ਨੇ ਬਾਦ ਵਿਚ ਵੀ ਜਾਰੀ ਰੱਖਿਆ। ਗੁਰੂ ਜੀ ਦੀਆਂ ਅਜਿਹੀਆਂ ਗਤੀਵਿਧੀਆਂ ਮੁਗਲਾਂ ਲਈ ਹਾਨੀਕਾਰਕ ਸਿੱਧ ਹੋਈਆਂ ਤੇ ਨਤੀਜੇ ਵਜੋਂ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ। ਗੁਰੂ ਹਰਗੋਬਿੰਦ ਦੁਆਰਾ ਦਿਖਾਏ ਰਾਹ ਨੂੰ ਉਤਰਾਧਿਕਾਰੀਆਂ ਨੇ ਵੀ ਅਪਣਾਇਆ। ਗੁਰੂ ਗੋਬਿੰਦ ਸਿੰਘ ਨੇ ਫੌਜ ਤਿਆਰ ਕੀਤੀ ਅਤੇ ਪਹਾੜੀ ਰਾਜਿਆਂ ਤੇ ਮੁਗਲਾਂ ਵਿਰੁੱਧ ਸਫਲਤਾ ਪੂਰਵਕ ਲੜਾਈਆਂ ਲੜੀਆਂ। ਸਿੱਖਾਂ ਨੇ ਆਪਣੇ ਸਹਿ-ਧਰਮੀਆਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕੀਤਾ ਜਿਸ ਨਾਲ ਉਨ੍ਹਾਂ ਦੇ ਆਪਸੀ ਸਬੰਧ ਹੋਰ ਪੱਕੇ ਹੋ ਗਏ। ਧਰਮ ਦੇ ਖੇਤਰ ਵਿਚ ਉਹ ਸੱਚ ਤੇ ਚਲਣ ਲਗੇ ਅਤੇ ਨਾਮ ਦੇ ਪੁਜਾਰੀ ਬਣ ਗਏ। ਮਹਾਨ ਗੁਰੂ ਨੇ ਰਾਜਨੀਤੀ ਨੂੰ ਧਰਮ ਨਾਲ ਮਿਲਾ ਕੇ ਪਵਿੱਤਰ ਬਣਾ ਦਿੱਤਾ। ਸਿੱਖਾਂ ਵਿਚ ਰਾਜਨੀਤਿਕ ਜਾਗਰਤੀ ਆਈ। ਉਨ੍ਹਾਂ ਨੇ ਮੁਗਲ ਸ਼ਾਸਕਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਸੋ ਗੁਰੂ ਹਰਗੋਬਿੰਦ ਦੁਆਰਾ ਦਸੇ ਰਾਹ ਤੇ ਬਾਦ ਵਿਚ ਗੁਰੂ ਗੋਬਿੰਦ ਸਿੰਘ ਤੇ ਹੋਰ ਸਿੱਖ ਨੇਤਾਵਾਂ ਨੇ ਚਲਣਾ ਜਾਰੀ ਰੱਖਿਆ। ਕੁਝ ਸਮੇਂ ਬਾਅਦ ਸਿੱਖਾਂ ਨੇ ਰਾਜਨੀਤਿਕ ਸ਼ਕਤੀ ਖੋਹ ਲਈ। ਆਜ਼ਾਦੀ ਦਾ ਸੰਘਰਸ਼, ਸਿੱਖਾਂ ਨੇ 18ਵੀਂ ਸਦੀ ਵਿਚ ਜਾਰੀ ਰੱਖਿਆ ਤੇ ਅੰਤ ਵਿਚ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਦਾ ਕਾਰਣ ਬਣਿਆ। ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਵਿਚ ਪੰਜਾਬ ਵਿਚ ਸ਼ਾਨਦਾਰ ਸਿੱਖ ਰਾਜ ਦੀ ਸਥਾਪਨਾ ਕੀਤੀ।

## ਹੋਰ ਅਧਿਐਨ ਲਈ ਪੁਸਤਕਾਂ


1. *ਐਵੋਲਿਊਸ਼ਨ ਆਫ਼ ਖਾਲਸਾ,* ਜਿਲਦ II, ਇੰਦੂ ਭੂਸ਼ਣ ਬੈਨਰਜੀ, ਪੰਨਾ 1-46
2. *ਸਿੱਖ ਰਿਲੀਜਨ,* ਮੈਕਾਲਿਫ਼
3. *ਏ ਸ਼ਾਰਟ ਹਿਸਟਰੀ ਆਫ਼ ਸਿਖਸ,* ਤੇਜਾ ਸਿੰਘ, ਗੰਡਾ ਸਿੰਘ, ਪੰਨੇ 33-42
4. *ਹਿਸਟਰੀ ਆਫ਼ ਦਾ ਸਿੱਖ ਗੁਰੂਜ਼* : ਐਚ.ਆਰ. ਗੁਪਤਾ, ਪੰਨੇ 108-128
5. *ਹਿਸਟਰੀ ਆਫ਼ ਦਾ ਸਿੱਖਸ* : ਕਨਿੰਘਮ


## ਪ੍ਰਸ਼ਨ

1. ਗੁਰੂ ਹਰਗੋਬਿੰਦ ਦੁਆਰਾ ਸਿੱਖ ਜਥੇਬੰਦੀ ਵਿਚ ਲਿਆਂਦੀਆਂ ਤਬਦੀਲੀਆਂ ਦਾ ਵਿਸਥਾਰ ਪੂਰਵਕ ਵਰਨਣ ਕਰੋ ?
2. ਗੁਰੂ ਹਰਗੋਬਿੰਦ ਦੀ ਨਵੀਂ ਨੀਤੀ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ ?
3. ਗੁਰੂ ਹਰਗੋਬਿੰਦ ਦੀ ਨਵੀਂ ਨੀਤੀ ਕੀ ਸੀ? ਇਸ ਦੇ ਮੁੱਖ ਤੱਤਾਂ ਬਾਰੇ ਦਸੋ ?
4. ਉਨ੍ਹਾਂ ਪ੍ਰਸਥਿਤੀਆਂ ਦਾ ਸੰਖੇਪ ਵਰਨਣ ਕਰੋ ਜਿਨ੍ਹਾਂ ਕਾਰਣ ਗੁਰੂ ਹਰਗੋਬਿੰਦ ਨੂੰ ਨਵੀਂ ਨੀਤੀ ਅਪਨਾਉਣੀ ਪਈ ?
5. ਗੁਰੂ ਹਰਗੋਬਿੰਦ ਦੁਆਰਾ ਨਵੀਂ ਨੀਤੀ ਦਾ ਅਪਨਾਇਆ ਜਾਣਾ ਕਿਥੋਂ ਤੱਕ ਠੀਕ ਸੀ ?

**ਪਾਠ ਨੰ. 2.5**

# ਸਿੱਖ ਗੁਰੂਆਂ ਦੇ ਮੁਗਲਾਂ ਨਾਲ ਸੰਬੰਧ (1606–1675)

ਗੁਰੂ ਹਰਗੋਬਿੰਦ ਸਾਹਿਬ ਦੇ ਗੁਰੂ ਕਾਲ (1606 ਤੋਂ 1644 ਈ.) ਦੇ ਦੌਰਾਨ ਮੁਗਲ ਰਾਜ ਤੇ ਸਿੱਖ ਸਮਾਜ ਦੇ ਸੰਬੰਧ ਸਥਿਰ ਨਹੀਂ ਰਹੇ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1606) ਸਿੱਖ ਇਤਿਹਾਸ ਵਿਚ ਇਕ ਮੋੜ ਸੀ। ਜਿਥੇ ਇਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਉਥੇ ਉਨ੍ਹਾਂ ਦੇ ਆਮ ਵਤੀਰੇ ਵਿਚ ਵੀ ਤਬਦੀਲੀ ਲੈ ਆਂਦੀ। ਸਿੱਖ ਪਰੰਪਰਾ ਅਨੁਸਾਰ ਇਸ ਤਬਦੀਲੀ ਦੀ ਲੋੜ ਗੁਰੂ ਅਰਜਨ ਦੇਵ ਜੀ ਨੇ ਆਪਣੇ ਲਾਹੌਰ ਜੇਲ ਸਮੇ ਮਹਿਸੂਸ ਕੀਤੀ। ਇਸੇ ਕਾਰਣ ਉਨ੍ਹਾਂ ਆਪਣੇ ਉਤਰਾਧਿਕਾਰੀ, ਗਿਆਰਾਂ ਸਾਲ ਦੇ ਪੁੱਤਰ ਹਰਗੋਬਿੰਦ ਨੂੰ ਨਾਰੀਅਲ ਤੇ ਪੰਜ ਪੈਸੇ ਉਸ ਦੀ ਗੁਰੂ ਪਦ ਦੀ ਨਾਮਜ਼ਦਗੀ ਦੀ ਨਿਸ਼ਾਨੀ ਵਜੋਂ ਭੇਜੇ ਅਤੇ ਇਕ ਆਖਰੀ ਆਦੇਸ਼ ਦਿੱਤਾ, ''ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸਸ਼ੋਭਤ ਹੋ ਕੇ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ।''

ਗੁਰੂ ਹਰਗੋਬਿੰਦ ਗਿਆਰਾਂ ਸਾਲਾਂ ਦੀ ਉਮਰ ਵਿਚ ਗੁਰਗੱਦੀ ਤੇ ਬੈਠੇ। ਇਹ 1606 ਈ. ਦੀ ਗੱਲ ਹੈ। ਗੁਰਗੱਦੀ ਤੇ ਬੈਠਣ ਪਿਛੋਂ ਉਹਨਾਂ ਨੇ ਇਕੋ ਵੇਲੇ ਦੋ ਤਲਵਾਰਾਂ ਪਹਿਨਣੀਆਂ ਆਰੰਭ ਕਰ ਦਿੱਤੀਆਂ, ਇਕ ਮੀਰੀ ਦੀ (ਸੰਸਾਰਕ ਚਿੰਨ੍ਹ) ਤੇ ਦੂਜੀ ਪੀਰੀ ਦੀ (ਆਤਮਿਕ ਚਿੰਨ੍ਹ)। ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਕਿਹਾ ਕਿ ਗੁਰੂ ਦੇ ਘਰ ਵਿਚ ਦੁਨਿਆਵੀ ਤੇ ਆਤਮਿਕ ਸ਼ਕਤੀ ਇਕੱਠੀ ਮਿਲ ਕੇ ਰਹੇਗੀ, ਗਾਤਰਾ (ਤਲਵਾਰ ਦੀ ਬਧਰੀ) ਮੇਰੀ ਮਾਲਾ ਹੋਵੇਗੀ ਅਤੇ ਆਪਣੀ ਪਗੜੀ ਤੇ ਮੈਂ ਸ਼ਾਹੀ ਫੀਤਾ (ਕਲਗੀ) ਬੰਨ੍ਹਾਂਗਾ। ਉਨ੍ਹਾਂ ਨੇ ਸਿੱਖਾਂ ਨੂੰ ਤਲਵਾਰ ਅਤੇ ਘੋੜਾ ਰੱਖਣ ਦਾ ਹੁਕਮ ਦਿੱਤਾ। ਗੁਰੂ ਹਰਗੋਬਿੰਦ ਨੇ ਗੁਰੂ ਨਾਨਕ ਦੀ ਮਸ਼ਾਲ ਨੂੰ ਜਲਦੀ ਰਖਿਆ ਪਰੰਤੂ ਇਸ ਵਿਚ ਤਲਵਾਰ ਦੀ ਚਮਕ ਵੀ ਜੋੜ ਦਿੱਤੀ। ਉਨ੍ਹਾਂ ਨੇ ਗੁਰੂ ਨਾਨਕ ਦੇ ਸੰਦੇਸ਼ ਦਾ ਪ੍ਰਚਾਰ ਕੀਤਾ, ਪਰ ਇਸ ਨਾਲ ਬਹਾਦਰੀ ਦੀ ਵੰਗਾਰ ਵੀ ਜੋੜ ਦਿੱਤੀ। ਉਨ੍ਹਾਂ ਨੇ ਫੌਜੀ ਭਰਤੀ ਕੀਤੇ। ਉਨ੍ਹਾਂ ਨੇ ਆਪਣੇ ਕੁਝ ਤਾਕਤਵਰ ਸਿੱਖਾਂ ਨੂੰ ਹਥਿਆਰਬੰਦ ਕੀਤਾ ਤੇ ਬਾਕਾਇਦਾ ਕਸਰਤਾਂ ਕਰਵਾਈਆਂ। ਸਮੇਂ ਦੇ ਬੀਤਣ ਨਾਲ ਉਨ੍ਹਾਂ ਕੋਲ 800 ਘੋੜੇ, ਤਿੰਨ ਸੌ ਘੋੜ ਸਵਾਰ ਅਤੇ 60 ਬੰਦੂਕਚੀ ਸਨ। ਉਨ੍ਹਾਂ ਨੇ ਆਪਣੇ ਅਨੁਆਈਆਂ ਤੋਂ ਹਥਿਆਰ ਤੇ ਘੋੜਿਆਂ ਦੀ ਭੇਟਾ ਦੀ ਮੰਗ ਕੀਤੀ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਲੋਹਗੜ੍ਹ ਨਾਂ ਦਾ ਕਿਲ੍ਹਾ ਬਣਾਇਆ। ਉਨ੍ਹਾਂ ਨੇ ਅਕਾਲ ਤਖ਼ਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਹਰਿਮੰਦਰ ਆਤਮਿਕ ਸ਼ਕਤੀ ਦਾ ਅਤੇ ਅਕਾਲ ਤਖ਼ਤ ਸੰਸਾਰਕ ਸ਼ਕਤੀ ਦਾ ਪ੍ਰਤੀਕ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਥੇ ਉਹ ਦਰਬਾਰ ਲਗਾ ਕੇ ਰਾਜਿਆਂ ਵਾਂਗ ਇਨਸਾਫ਼ ਕਰਦੇ, ਭੇਟਾ ਪ੍ਰਵਾਨ ਕਰਦੇ, ਮਾਣ ਬਖ਼ਸ਼ਦੇ ਅਤੇ ਸਜ਼ਾਵਾਂ ਦਿੰਦੇ। ਉਥੋਂ ਉਹ ਬਹਾਦਰੀ ਦੀਆਂ ਕਹਾਣੀਆਂ ਸੁਣਾਉਂਦੇ ਤੇ ਕੁਝ ਢਾਡੀਆਂ (ਜਿਨ੍ਹਾਂ ਵਿਚੋਂ ਇਕ ਅਬਦੁੱਲਾ ਬਹੁਤ ਪ੍ਰਸਿੱਧ ਸੀ) ਤੋਂ ਵਾਰਾਂ ਤੇ ਖਾਸ ਕਰ ਰਾਜਪੂਤਾਂ ਦੀ ਬਹਾਦਰੀ ਦੀਆਂ ਕਥਾਵਾਂ ਗਵਾਉਂਦੇ। ਇਹ ਹੀ ਅਸਲ ਵਿਚ ਸਿੱਖਾਂ ਦੀ ਫੌਜੀ ਤਾਕਤ ਵਿਚ ਬਦਲਣ ਦੀ ਸ਼ੁਰੂਆਤ ਸੀ। ਭਗਤਾਂ ਤੇ ਸੰਤਾਂ ਦੇ ਚਿੰਨ੍ਹਾਂ ਨਾਲ ਪ੍ਰਭੂਸਤਾ ਦਾ ਨਿਸ਼ਾਨ ਕਲਗੀ ਤੇ ਛੱਤਰ ਜੋੜ ਦਿੱਤਾ ਗਿਆ।

ਕਿਹਾ ਜਾਂਦਾ ਹੈ ਗੁਰੂ ਜੀ ਦੀਆਂ ਇਹੋ ਜਿਹੀਆਂ ਗਤੀਵਿਧੀਆਂ ਦੀਆਂ ਖਬਰਾਂ ਬਾਦਸ਼ਾਹ ਜਹਾਂਗੀਰ ਕੋਲ ਪਹੁੰਚੀਆਂ। ਜਿਸ ਕਾਰਨ ਉਸ ਨੇ ਗੁਰੂ ਜੀ ਵਿਰੁੱਧ ਸਖ਼ਤ ਕਦਮ ਚੁੱਕੇ। ਡਾ. ਐਚ.ਆਰ. ਗੁਪਤਾ ਅਨੁਸਾਰ, ਸ਼ਹਿਨਸ਼ਾਹ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਕਿ ਗੁਰੂ ਹਰਗੋਬਿੰਦ ਵਿਦਰੋਹ ਕਰਨ ਲਈ ਤਿਆਰ ਹੈ। ਬਾਦਸ਼ਾਹ 1606, 1607 ਤੇ 1608 ਵਿਚ ਤਿੰਨ ਵਾਰੀ ਪੰਜਾਬ ਆਇਆ। ਗੁਰੂ ਸਾਹਿਬ ਦੇ ਦੁਸ਼ਮਣਾਂ ਨੇ ਜ਼ਰੂਰ ਹੀ ਨਿਜੀ ਤੌਰ ਤੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਸ਼ਿਕਾਇਤਾਂ ਲਗਾਈਆਂ ਹੋਣਗੀਆਂ।

ਨਤੀਜੇ ਵਜੋਂ ਗੁਰੂ ਹਰਗੋਬਿੰਦ ਜੀ ਨੂੰ ਦਿੱਲੀ ਬੁਲਾਇਆ ਗਿਆ ਤੇ ਗੁਰੂ ਜੀ ਦੇ ਜਵਾਬ ਨਾਲ ਉਹ ਸੰਤੁਸ਼ਟ ਨਾ ਹੋਇਆ ਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਰੱਖਣ ਦਾ ਹੁਕਮ ਦਿੱਤਾ। ਇਸ ਕਿਲ੍ਹੇ ਵਿਚ ਉਚੇ ਰੁਤਬੇ ਵਾਲੇ ਰਾਜਨੀਤਿਕ ਬੰਦਿਆਂ ਨੂੰ ਹੀ ਰਖਿਆ ਜਾਂਦਾ ਸੀ। ਜਹਾਂਗੀਰ ਗੁਰੂ ਸਾਹਿਬ ਪ੍ਰਤੀ ਲੋਕਾਂ ਦੀ ਸ਼ਰਧਾ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿਚ ਦਇਆ ਆ ਗਈ ਅਤੇ ਉਸ ਨੇ ਗੁਰੂ ਸਾਹਿਬ ਨੂੰ ਕੈਦ ਤੋਂ ਰਿਹਾ ਕਰ ਦਿੱਤਾ। ਗਵਾਲੀਅਰ ਵਿਖੇ ਨਜ਼ਰਬੰਦੀ ਦੇ ਸਮੇਂ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੈ। ਦਾਬਿਸਤਾਨ ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ 12 ਸਾਲ ਲਈ ਨਜ਼ਰਬੰਦ ਕੀਤਾ ਗਿਆ। ਇਸ ਵਿਚਾਰ ਨਾਲ ਡਾ. ਇੰਦੂ ਭੂਸ਼ਣ ਬੈਨਰਜੀ ਸਹਿਮਤ ਨਹੀਂ ਹਨ। ਗੁਰੂ ਸਾਹਿਬ ਦੇ ਬੱਚਿਆਂ ਦੇ ਜਨਮ ਤੇ ਆਧਾਰ ਤੇ ਉਸ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਸਾਹਿਬ ਉਥੇ ਇਤਨੇ ਲੰਮੇ ਸਮੇਂ ਲਈ ਨਜ਼ਰਬੰਦ ਨਹੀਂ ਰਹੇ ਬਲਕਿ ਉਸ ਦੇ ਅਨੁਸਾਰ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਵੱਧ ਤੋਂ ਵੱਧ 5 ਸਾਲ ਸੀ। ਪਰੰਤੂ ਤੇਜਾ ਸਿੰਘ, ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਉਥੇ ਕਿਲ੍ਹੇ ਵਿਚ 1612 ਤੋਂ 1614 ਤੱਕ 2 ਸਾਲ ਲਈ ਨਜ਼ਰਬੰਦ ਰਹੇ। ਸਿੱਖ ਪਰੰਪਰਾ ਅਨੁਸਾਰ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਕੇਵਲ 40 ਦਿਨ ਮੰਨਿਆ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਸਾਹਿਬ ਦੀ ਨਜ਼ਰਬੰਦੀ ਦੇ ਸਮੇਂ ਨੂੰ ਨਿਸ਼ਚਿਤ ਕਰਨਾ ਬਹੁਤ ਕਠਿਨ ਹੈ, ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਦਾ ਸਮਾਂ ਬਹੁਤ ਘੱਟ ਸੀ ਅਤੇ ਇਹ 5 ਸਾਲ ਜਾਂ 12 ਸਾਲ ਦਾ ਨਹੀਂ ਸੀ।

ਉਨ੍ਹਾਂ ਦੀ ਰਿਹਾਈ ਤੋਂ ਬਾਅਦ ਵਿਚ ਮੁਗਲ ਰਾਜ ਤੇ ਸਿੱਖਾਂ ਦੇ ਮਿੱਤਰਤਾ ਪੂਰਣ ਸੰਬੰਧ ਬਣਾਉਣ ਲਈ ਕਈ ਕਾਰਣ ਜ਼ਿੰਮੇਵਾਰ ਸਨ। ਸਭ ਤੋਂ ਮਹੱਤਵਪੂਰਣ ਤਾਂ ਜਹਾਂਗੀਰ ਦੀ ਧਾਰਮਿਕ ਨੀਤੀ ਵਿਚ ਤਬਦੀਲੀ ਆਉਣਾ ਸੀ। ਸਮੇਂ ਤੇ ਬੀਤਣ ਨਾਲ ਜਹਾਂਗੀਰ ਦੇ ਧਾਰਮਿਕ ਵਤੀਰੇ ਵਿਚ ਤਬਦੀਲੀ ਆ ਗਈ ਸੀ ਅਤੇ ਉਸ ਨੂੰ ਪਤਾ ਲਗ ਗਿਆ ਸੀ ਕਿ ਮੁਗਲ ਰਾਜ ਦੀ ਮਜ਼ਬੂਤੀ ਲਈ ਦੇਸ਼ ਦੇ ਵੱਖ-ਵੱਖ ਧਾਰਮਿਕ ਵਰਗਾਂ ਦੇ ਨਾਲ ਉਦਾਰ ਨੀਤੀ ਅਪਣਾਉਣਾ ਹੀ ਸਹੀ ਅਤੇ ਠੀਕ ਹੈ। ਇਸ ਤੋਂ ਵੱਧ ਬਾਦਸ਼ਾਹ ਤੇ ਉਸ ਦੀ ਪਤਨੀ ਨੂਰ ਜਹਾਂ ਦਾ ਝੁਕਾਅ ਮੀਆਂ ਮੀਰ ਦੇ ਧਾਰਮਿਕ ਵਿਚਾਰਾਂ ਵੱਲ ਝੁਕਿਆ ਤੇ ਉਨ੍ਹਾਂ ਨੇ ਇਸ ਨੂੰ ਅਪਣਾਇਆ। ਮੀਆਂ ਮੀਰ ਕਾਦਰੀਆਂ ਸੂਫੀ ਪੰਥ ਦਾ ਮੁਖੀ ਸੀ। ਦੂਜੇ ਸਾਂਈ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦਾ ਪੱਕਾ ਮਿੱਤਰ ਤੇ ਪ੍ਰਸ਼ੰਸਕ ਸੀ। ਉਸ ਨੇ ਵੀ ਗੁਰੂ ਜੀ ਦੇ ਬੇਕਸੂਰ ਹੋਣ ਵਾਰੇ ਦਖਲ ਦਿੱਤਾ ਅਤੇ ਗੋਕਲ ਚੰਦ ਨਾਰੰਗ ਅਨੁਸਾਰ ਇਸ ਦਾ ਬਾਦਸ਼ਾਹ ਤੇ ਲੋੜੀਂਦਾ ਅਸਰ ਹੋਇਆ। ਇਕ ਪ੍ਰਭਾਵਸ਼ਾਲੀ ਮੁਗਲ ਦਰਬਾਰੀ ਵਜ਼ੀਰ ਖਾਨ ਨੇ ਗੁਰੂ ਜੀ ਦੇ ਬੇਕਸੂਰ ਹੋਣ ਦੀ ਵੀ ਵਕਾਲਤ ਕੀਤੀ ਤੇ ਦੱਸਿਆ ਕਿ ਉਨ੍ਹਾਂ ਦਾ ਮਿਸ਼ਨ ਬਾਦਸ਼ਾਹ ਵਿਰੋਧੀ ਨਹੀਂ ਹੈ। ਬਹੁਤ ਸਿੱਖ ਲਿਖਾਰੀ ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ ਚਾਲੀ ਕੁ ਦਿਨ ਲਈ ਸੀਮਿਤ ਕਰਦੇ ਹਨ। ਉਹ ਲਿਖਦੇ ਹਨ ਕਿ ਭਾਈ ਜੇਠਾ ਨੇ ਜਿਸ ਨੇ ਕਿ ਜਹਾਂਗੀਰ ਨੂੰ (ਜੋ ਓਪਰੀ ਕਸਰ ਅਧੀਨ ਸੀ ਤੇ ਬੁਰੇ ਦ੍ਰਿਸ਼

ਵੇਖਦਾ ਰਹਿੰਦਾ ਹੋਣ ਕਾਰਣ ਦੁਖੀ ਸੀ) ਠੀਕ ਕੀਤਾ ਸੀ ਤੇ ਇਸ ਦੇ ਇਨਾਮ ਵਜੋਂ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦਿੱਤਾ ਸੀ। ਭਾਈ ਜੇਠਾ ਜੀ ਵਲੋਂ ਕੀਤੇ ਯਤਨਾਂ ਬਾਰੇ ਨਿਸ਼ਚਿਤ ਤੌਰ ਤੇ ਪਤਾ ਤਾਂ ਕੁਝ ਵੀ ਨਹੀਂ ਪਰੰਤੂ ਇਕ ਗੱਲ ਨਿਸ਼ਚਿਤ ਹੈ ਕਿ ਕਈ ਮਹੱਤਵਪੂਰਣ ਸਿੱਖਾਂ ਨੇ ਗੁਰੂ ਜੀ ਦੀ ਰਿਹਾਈ ਲਈ ਬਾਦਸ਼ਾਹ ਨੂੰ ਤਿਆਰ ਕਰਨ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ।

ਗੁਰੂ ਜੀ ਦੀ ਰਿਹਾਈ ਤੋਂ ਲੈ ਕੇ ਸ਼ਾਹਜਹਾਂ ਦੇ ਰਾਜਗੱਦੀ ਸੰਭਾਲਣ ਤਕ ਮੁਗਲ ਰਾਜ ਤੇ ਗੁਰੂ ਜੀ ਦੇ ਸੰਬੰਧ ਬੜੇ ਸੁਖਾਵੇਂ ਤੇ ਮਿੱਤਰਤਾ ਪੂਰਣ ਬਣੇ ਰਹੇ। ਡਾ. ਏ.ਸੀ. ਬੈਨਰਜੀ ਕਹਿੰਦੇ ਹਨ, ''ਆਪਣੀ ਛੋਟੀ ਉਮਰ ਦੇ ਬਾਵਜੂਦ ਉਹੀ ਇੰਨੀ ਸਮਝਦਾਰੀ ਨਾਲ ਇਹ ਸਿੱਟਾ ਕੱਢ ਲਿਆ ਸੀ ਕਿ ਮੁਗ਼ਲ ਸਰਕਾਰ ਵਿਰੁੱਧ ਬਗਾਵਤ ਦਾ ਕੋਈ ਪ੍ਰਸ਼ਨ ਹੀ ਨਹੀਂ ਉਠਦਾ ਕਿਉਂਕਿ ਮੁਗਲ ਰਾਜ ਉਸ ਵੇਲੇ ਸ਼ਕਤੀ ਤੇ ਸ਼ਾਨ ਦੀ ਬੁਲੰਦੀ ਤੇ ਸੀ। ਇਸ ਲਈ ਆਪਣੀ ਰਿਹਾਈ ਤੋਂ ਬਾਦ ਉਨ੍ਹਾਂ ਨੇ ਮੁਗਲ ਹਕੂਮਤ ਨਾਲ ਮਿਲਵਰਤਣ ਤੇ ਮਿੱਤਰਤਾ ਦੀ ਨੀਤੀ ਨੂੰ ਅਪਣਾਇਆ।''

1621 ਵਿਚ ਜਹਾਂਗੀਰ, ਦੂਜੀ ਵਾਰ ਕਸ਼ਮੀਰ ਘਾਟੀ ਵਿਚ ਗਿਆ ਸੀ। ਗੁਰੂ ਹਰਗੋਬਿੰਦ ਉਸ ਨੂੰ ਬਿਆਸ ਦਰਿਆ ਦੇ ਕਿਨਾਰੇ ਤੇ ਮਿਲੇ। ਬਾਦਸ਼ਾਹ 25 ਸਾਲਾਂ ਦੇ ਭਰ ਜਵਾਨ ਨੂੰ ਬਹੁਤ ਹੀ ਖੁਸ਼ੀ ਨਾਲ ਮਿਲਿਆ ਅਤੇ ਆਪਣੇ ਨਾਲ ਕਸ਼ਮੀਰ ਜਾਣ ਲਈ ਮਨਾਇਆ।

ਆਪਣੀ ਕਸ਼ਮੀਰ ਦੀ ਵਾਪਸੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੂੰ ਅਸੀਂ ਜਹਾਂਗੀਰ ਦਾ ਪਰਮ ਮਿੱਤਰ ਬਣਿਆ ਵੇਖਦੇ ਹਾਂ। ਦਾਬਿਸਤਾਨ ਅਨੁਸਾਰ 'ਹਰਗੋਬਿੰਦ ਜੇਤੂ ਜਹਾਂਗੀਰ ਦੀ ਸਰਪ੍ਰਸਤੀ ਤੋਂ ਕਦੀ ਵੀ ਵੱਖ ਨਾ ਹੋਇਆ।' ਇਕ ਹੋਰ ਥਾਂ ਇਸ ਦਾ ਲੇਖਕ ਲਿਖਦਾ ਹੈ ਕਿ ਗੁਰੂ ਜੀ ਨੇ ਇਕ ਹੀਜੜੇ ਯਾਰ-ਖਾਨ ਨਾਲ ਸਬੰਧ ਬਣਾ ਲਏ ਸਨ ਜੋ ਪੰਜਾਬ ਵਿਚ ਫੌਜਦਾਰ ਸੀ ਅਤੇ ਗੁਰੂ ਸਾਹਿਬ ਰਾਜ ਦੀ ਪ੍ਰਬੰਧ ਵਿਚ ਮਦਦ ਕਰਦੇ ਸਨ। ਇਨ੍ਹਾਂ ਦੇ ਬਿਆਨਾਂ ਤੋਂ ਕਈ ਵਾਰੀ ਗੁਰੂ ਜੀ ਮੁਗਲ ਸਰਕਾਰ ਦੀ ਮੁਲਾਜ਼ਮਤ ਕਰ ਲੈਣ ਦਾ ਸ਼ੱਕ ਪੈਦਾ ਹੋ ਜਾਂਦਾ ਹੈ ਪਰ ਵਾਸਤਵ ਵਿਚ ਇਹ ਨਤੀਜਾ ਬਿਲਕੁਲ ਹੀ ਗਲਤ ਹੈ। ਇੰਦੂ ਭੂਸ਼ਣ ਬੈਨਰਜੀ ਦੇ ਅਨੁਸਾਰ, ਇਹ ਗੱਲ ਮੁੱਢੋਂ ਹੀ ਮੂਰਖਤਾਪੂਰਣ ਲਗਦੀ ਹੈ ਕਿਉਂਕਿ ਤੁਜ਼ਕੇ-ਜਹਾਂਗੀਰੀ ਅਨੁਸਾਰ ਇਹ ਬਿਲਕੁਲ ਹੀ ਗਲਤ ਸਾਬਤ ਹੋ ਜਾਂਦੀ ਹੈ। ਜਹਾਂਗੀਰ ਦੀਆਂ ਯਾਦਾਂ ਵਿਚ ਗੁਰੂ ਹਰਗੋਬਿੰਦ ਸਾਹਿਬ ਦਾ ਕਿਤੇ ਵੀ ਨਾਂ ਮੌਜੂਦ ਨਹੀਂ ਹੈ ਤੇ ਇਸ ਲਈ ਸ਼ੱਕ ਜਾਂ ਕਥਨ ਠੀਕ ਨਹੀਂ ਕਿ ਗੁਰੂ ਸਾਹਿਬ ਨੇ ਮੁਗਲ ਰਾਜ ਵਿਚ ਨੌਕਰੀ ਕਰ ਲਈ ਸੀ।

ਜੋ ਮਾਣ ਗੁਰੂ ਜੀ ਨੂੰ ਜਹਾਂਗੀਰ ਵੱਲੋਂ ਮਿਲਿਆ, ਇਸ ਨੇ ਹੀ ਦਾਬਿਸਤਾਨ ਦੇ ਲੇਖਕ ਵਾਂਗ ਕਈਆਂ ਨੂੰ ਗਲਤ ਸਿੱਟੇ ਕੱਢਣ ਲਈ ਮਜ਼ਬੂਰ ਕੀਤਾ ਹੈ। ਗੁਰੂ ਜੀ ਦੀ ਨੌਕਰੀ ਕਬੂਲਣ ਦੀ ਗੱਲ ਸਾਬਤ ਕਰਨ ਲਈ ਇਕ ਹੋਰ ਬਿਆਨ ਦਾ ਹਵਾਲਾ ਦਿੱਤਾ ਜਾਂਦਾ ਹੈ। ਉਸ ਘਟਨਾ ਦਾ ਸਬੰਧ ਨਾਲਾਗੜ੍ਹ (ਹਿੰਡੂਰ) ਦੇ ਇਕ ਸ਼ਹਿਜਾਦੇ ਧਰਮ ਚੰਦ ਨਾਲ ਮਿੱਤਰਤਾ ਪਾ ਲਈ ਸੀ। ਉਸ ਨੇ ਆਪਣੀ ਰਿਆਸਤ ਮੁੜ ਪ੍ਰਾਪਤ ਕਰਨ ਲਈ ਗੁਰੂ ਜੀ ਤੋਂ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਤਾਰਾ ਚੰਦ ਵਿਰੁੱਧ ਲੜਾਈ ਕੀਤੀ ਤੇ ਧਰਮ ਚੰਦ ਨੂੰ ਗੱਦੀ ਤੇ ਬਿਠਾ ਦਿੱਤਾ। ਗੁਰੂ ਜੀ ਨੇ ਅਜਿਹਾ, ਬਾਦਸ਼ਾਹ ਦੇ ਕਹਿਣ ਤੇ ਨਹੀਂ ਸਗੋਂ ਆਪਣੇ ਮਿੱਤਰ ਦੀ ਮਦਦ ਕਰਨ ਲਈ ਕੀਤਾ। ਮੁਗਲ ਬਾਦਸ਼ਾਹ ਗੁਰੂ ਜੀ ਲਈ ਆਪਣੀ ਸ਼ਰਧਾ ਕਰਕੇ ਖਾਮੋਸ਼ ਰਿਹਾ।

ਇਸ ਮਿੱਤਰਤਾ ਭਰਪੂਰ ਤੇ ਸਹਿਯੋਗ ਵਾਲੇ ਸੰਬੰਧਾਂ ਦੇ ਸਮੇਂ ਵਿਚ ਵੀ ਗੁਰੂ ਜੀ ਨੇ ਗੁਰਗੱਦੀ ਤੇ ਬੈਠਣ ਵੇਲੇ ਆਪਣੀ ਨਵੀਂ ਨੀਤੀ ਨੂੰ ਨਹੀਂ ਤਿਆਗਿਆ। ਉਹ ਸਦਾ ਆਪਣੇ ਨਾਲ ਇਕ ਫੌਜੀ ਟੁਕੜੀ (ਭਾਵੇਂ ਛੋਟੀ ਹੀ ਕਿਉਂ ਨਾ ਹੋਵੇ) ਰਖਦੇ ਸਨ ਤਾਂ ਕਿ ਅਚਾਨਕ ਲੋੜ ਸਮੇਂ ਸਵੈ-ਰਖਿਆ ਲਈ ਉਸ

ਦੀ ਵਰਤੋਂ ਕੀਤੀ ਜਾ ਸਕੇ। ਗੁਰੂ ਹਰਗੋਬਿੰਦ ਨੇ ਪਠਾਣਾਂ ਦੀ ਟੁਕੜੀ ਵੀ ਭਰਤੀ ਕੀਤੀ ਜਿਸ ਦੀ ਕਮਾਨ ਪੈਂਦੇ ਖਾਨ ਨਾਂ ਦੇ ਪਠਾਣ ਨੂੰ ਸੌਂਪੀ ਗਈ ਜੋ ਗੁਰੂ ਜੀ ਦਾ ਬਹੁਤ ਯੋਗ ਤੇ ਨੇੜੇ ਦਾ ਇਤਬਾਰੀ ਸਾਥੀ ਬਣ ਗਿਆ ਸੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਗੁਰੂ ਨਾਨਕ ਤੋਂ ਬਾਅਦ ਗੁਰੂ ਹਰਗੋਬਿੰਦ ਹੀ ਐਸੇ ਗੁਰੂ ਸਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਯਾਤਰਾ ਕੀਤੀ। ਇਹ ਗਲ ਬੁਝਾਰਤ ਦੀ ਬਣੀ ਹੋਈ ਹੈ ਕਿ ਜਹਾਂਗੀਰ ਨੇ ਬੜੀ ਤੇਜ਼ੀ ਨਾਲ ਵਿਕਾਸ ਕਰ ਰਹੇ (ਗੁਰੂ ਹਰਗੋਬਿੰਦ ਅਧੀਨ) ਸਿੱਖ ਸਮੁਦਾਇ ਦੀਆਂ ਗਤੀਵਿਧੀਆਂ ਵਲ ਕੋਈ ਧਿਆਨ ਕਿਉਂ ਨਹੀਂ ਦਿੱਤਾ। ਇਸ ਦਾ ਇਕ ਕਾਰਣ ਇਹ ਹੋ ਸਕਦਾ ਹੈ ਕਿ ਮੀਆਂ ਮੀਰ ਇਸ ਮਾਮਲੇ ਵਿਚ ਜੁੜਿਆ ਹੋਇਆ ਸੀ ਅਤੇ ਬਾਦਸ਼ਾਹ ਜਹਾਂਗੀਰ ਮੀਆਂ ਮੀਰ ਦਾ ਸ਼ਰਧਾਲੂ ਅਤੇ ਉਸ ਦਾ ਬਹੁਤ ਹੀ ਮਾਣ ਤੇ ਸਤਿਕਾਰ ਕਰਦਾ ਸੀ। ਸਿੱਖ ਸੰਗਤਾਂ ਵਿਚ ਥਾਂ ਪਰ ਥਾਂ ਇਹ ਹਵਾਲਾ ਮਿਲਦਾ ਹੈ ਕਿ ਮੀਆਂ ਮੀਰ ਦੇ ਗੁਰੂ ਪਰਿਵਾਰ ਨਾਲ ਗੂੜ੍ਹੇ ਸੰਬੰਧ ਸਨ ਅਤੇ ਇਹ ਬਹੁਤ ਹੀ ਸੰਭਵ ਹੈ ਕਿ ਮੀਆਂ ਮੀਰ ਦੇ ਪ੍ਰਭਾਵ ਕਾਰਣ ਹੀ ਜਹਾਂਗੀਰ ਦੇ ਰਾਜਕਾਲ ਵਿਚ ਗੁਰੂ ਹਰਗੋਬਿੰਦ ਮੁਗਲ ਸਰਕਾਰ ਨਾਲ ਦੋਸਤਾਨਾ ਸੰਬੰਧ ਬਣਾਈ ਰਖ ਸਕੇ ਹੋਣ।

## ਗੁਰੂ ਹਰਗੋਬਿੰਦ ਅਤੇ ਸ਼ਾਹ ਜਹਾਨ

ਜਹਾਂਗੀਰ 1626 ਈ. ਵਿਚ ਬਿਮਾਰ ਪੈ ਗਿਆ। ਉਹ ਮੌਸਮ ਬਦਲੀ ਲਈ ਕਸ਼ਮੀਰ ਗਿਆ। ਉਸ ਦੀ ਹਾਲਤ ਬਹੁਤ ਖਰਾਬ ਹੋ ਗਈ। ਵਾਪਸੀ ਸਮੇਂ 29 ਅਕਤੂਬਰ, 1627 ਨੂੰ ਬਾਦਸ਼ਾਹ ਰਾਹ ਵਿਚ ਹੀ ਰਜੌਰੀ ਵਿਖੇ ਮਰ ਗਿਆ ਅਤੇ 4 ਫਰਵਰੀ, 1628 ਨੂੰ ਸ਼ਾਹ ਜਹਾਨ ਬਾਦਸ਼ਾਹ ਬਣਿਆ। ਸ਼ਾਹਜਹਾਨ ਕੱਟੜ ਸੁੰਨੀ ਮੁਸਲਮਾਨ ਸੀ। ਨਕਸ਼ਬੰਦੀ ਧਰਮ ਬਹਾਲੀ ਵਾਲੇ ਉਸ ਦੇ ਕਾਰਜਕਾਲ ਸਮੇਂ ਸਰਗਰਮ ਰਹੇ ਤੇ ਦਰਬਾਰ ਵਿਚ ਵੀ ਬਾਦਸ਼ਾਹ ਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। 1632 ਵਿਚ ਜਦੋਂ ਸ਼ਾਹ ਜਹਾਨ ਕਸ਼ਮੀਰ ਤੋਂ ਵਾਪਸ ਆ ਰਿਹਾ ਸੀ ਤਾਂ ਉਸ ਨੂੰ ਪਤਾ ਲਗਾ ਕਿ ਰਜੌਰੀ-ਭਿੰਬਰ ਤੇ ਗੁਜਰਾਤ ਦੇ ਕੁਝ ਹਿੰਦੂਆਂ ਨੇ ਮੁਸਲਮਾਨ ਕੁੜੀਆਂ ਨਾਲ ਸ਼ਾਦੀ ਕਰ ਲਈ ਹੈ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਵੀ ਸ਼ਾਮਲ ਕਰ ਲਿਆ ਹੈ। ਬਾਦਸ਼ਾਹ ਨੇ ਅਜਿਹੀਆਂ ਸ਼ਾਦੀਆਂ ਨੂੰ ਰੋਕ ਦਿੱਤਾ ਅਤੇ ਜਿਨ੍ਹਾਂ ਮੁਸਲਮਾਨ ਔਰਤਾਂ ਦੀ ਪਹਿਲਾਂ ਹੀ ਸ਼ਾਦੀ ਹੋ ਚੁੱਕੀ ਸੀ ਉਨ੍ਹਾਂ ਨੂੰ ਉਨ੍ਹਾਂ ਦੇ ਹਿੰਦੂ ਪਤੀਆਂ ਤੋਂ ਖੋਹ ਲਿਆ ਗਿਆ ਤੇ ਪਤੀਆਂ ਨੂੰ ਜੁਰਮਾਨੇ ਕੀਤੇ ਗਏ ਤੇ ਕਈਆਂ ਨੂੰ ਫਾਂਸੀ ਵੀ ਦਿੱਤੀ ਗਈ।

ਉਹ ਸਿਫਰ਼ ਇਕ ਹਾਲਤ ਵਿਚ ਆਪਣੀਆਂ ਪਤਨੀਆਂ ਨੂੰ ਰੱਖ ਸਕਦੇ ਸਨ ਤੇ ਉਹ ਸੀ ਮੁਸਲਮਾਨ ਧਰਮ ਨੂੰ ਕਬੂਲਣ। ਅਜਿਹੀਆਂ ਲਗਭਗ 4500 ਔਰਤਾਂ ਬਰਾਮਦ ਕੀਤੀਆਂ ਗਈਆਂ। ਬਾਦਸ਼ਾਹ ਨੂੰ 1635 ਈ. ਵਿਚ ਸੂਚਨਾ ਮਿਲੀ ਕਿ ਇਕ ਮੁਸਲਮਾਨ ਲੜਕੀ ਜ਼ਿਨਾਬ ਦੀ ਧਰਮ ਬਦਲੀ ਕੀਤੀ ਗਈ ਤੇ ਸਰਹੰਦ ਦੇ ਇਕ ਹਿੰਦੂ ਦਲਪਤ ਨੇ ਉਸ ਦਾ ਨਾਂ ਗੰਗਾ ਰਖ ਕੇ ਸ਼ਾਦੀ ਕਰ ਲਈ ਸੀ। ਲਾਹੌਰ ਦੇ ਕਾਜ਼ੀ ਰੁਸਤਮ ਖਾਨ ਦੀ 17 ਸਾਲਾ ਧੀ ਕੌਲਾਂ ਜੋ ਮੀਆਂ ਮੀਰ ਦੀ ਚੇਲੀ ਸੀ, ਘਰੋਂ ਭੱਜ ਕੇ ਸਿੱਖ ਧਰਮ ਕਬੂਲ ਲਿਆ ਸੀ ਅਤੇ ਗੁਰੂ ਹਰਗੋਬਿੰਦ ਸਾਹਿਬ ਨੇ ਉਸਨੂੰ ਸ਼ਰਨ ਦਿੱਤੀ ਸੀ। ਪੰਜਾਬ ਵਿਚ ਤਿੰਨ ਮੰਦਰ ਢਾਹ ਦਿੱਤੇ ਗਏ, ਉਨ੍ਹਾਂ ਦੀ ਥਾਂ ਮਸੀਤਾਂ ਬਣਾ ਦਿੱਤੀਆਂ ਗਈਆਂ। ਲਾਹੌਰ ਦੇ ਡਬੀ ਬਾਜ਼ਾਰ ਵਿਚ ਸਥਿਤ ਗੁਰੂ ਅਰਜਨ ਦੇਵ ਜੀ ਦੀ ਬਾਉਲੀ ਕਚਰੇ ਤੇ ਗੰਦਗੀ ਨਾਲ ਭਰਵਾ ਦਿੱਤੀ ਗਈ ਤੇ ਉਸ ਨਾਲ ਲਗਦੀ ਲੰਗਰ ਦੀ ਇਮਾਰਤ ਨੂੰ ਮਸੀਤ ਵਿਚ ਬਦਲ ਦਿੱਤਾ ਗਿਆ।

ਅਜਿਹੀ ਮਾਨਸਿਕ ਬਣਤਰ ਵਾਲੇ ਬਾਦਸ਼ਾਹ ਲਈ ਇਹ ਸਾਫ਼ ਹੀ ਸੀ ਕਿ ਉਹ ਗੁਰੂ ਹਰਗੋਬਿੰਦ ਸਾਹਿਬ ਦੀਆਂ ਗਤੀਵਿਧੀਆਂ (ਜੋ ਧਾਰਮਿਕ ਤੇ ਫੌਜੀ ਦੋਵਾਂ ਖੇਤਰਾਂ ਵਿਚ ਅਗੇ ਵਧ ਗਈਆਂ ਸਨ)

ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਬਹੁਤ ਮਾਮੂਲੀ ਮਾਮਲਿਆਂ ਤੇ ਮੁਗਲ ਸਰਕਾਰ ਦੀ ਗੁਰੂ ਜੀ ਨਾਲ ਲੜਾਈ ਛਿੜ ਗਈ। ਗੁਰੂ ਹਰਗੋਬਿੰਦ ਨੂੰ ਸ਼ਾਹੀ ਫੌਜਾਂ ਵਿਰੁੱਧ ਚਾਰ ਮੁੱਖ ਲੜਾਈਆਂ ਲੜਨੀਆਂ ਪਈਆਂ। ਭਾਵੇਂ ਇਨ੍ਹਾਂ ਲੜਾਈਆਂ ਵਿਚ ਗੁਰੂ ਦਾ ਪਲੜਾ ਭਾਰੀ ਰਿਹਾ ਪਰ ਐਨੀ ਵੱਡੀ ਸਰਕਾਰ ਦੇ ਖਿਲਾਫ਼ ਲਗਾਤਾਰ ਸੰਘਰਸ਼ ਜਾਰੀ ਰਖਣਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਕਰਤਾਰਪੁਰ ਦੀ ਲੜਾਈ ਤੋਂ ਬਾਦ ਉਹ (ਗੁਰੂ) ਫਗਵਾੜੇ ਚਲੇ ਗਏ ਪਰ ਕਿਉਂਕਿ ਇਹ ਸਥਾਨ ਵੀ ਲਾਹੌਰ ਤੋਂ ਬਹੁਤੀ ਦੂਰ ਨਹੀਂ ਸੀ ਇਸ ਲਈ ਉਨ੍ਹਾਂ ਦਾ ਇਥੇ ਠਹਿਰਨਾ ਵੀ ਮੁਸ਼ਕਲ ਸੀ ਤੇ ਉਹ ਤੇਜ਼ੀ ਨਾਲ ਪੰਜਾਬ ਦੇ ਪਹਾੜੀ ਇਲਾਕੇ ਵਿਚ ਸਥਿਤ ਕੀਰਤਪੁਰ ਚਲੇ ਗਏ ਅਤੇ ਉਥੇ ਹੀ ਆਪਣੀ ਬਾਕੀ ਜ਼ਿੰਦਗੀ ਬਤੀਤ ਕੀਤੀ।

## ਗੁਰੂ ਹਰਿ ਰਾਏ ਤੇ ਮੁਗਲ ਸਰਕਾਰ

ਇਸ ਤੋਂ ਅਗਲੇ ਗੁਰੂ ਸਨ ਹਰਿ ਰਾਏ (1644-61 ਈ.) ਸਨ। ਉਹ ਦਾਰਾ ਸ਼ਿਕੋਹ ਨਾਲ ਮਿੱਤਰਤਾ ਪੂਰਨ ਸੰਬੰਧ ਰਖਦੇ ਸਨ ਜੋ ਕਿ ਸ਼ਾਹ ਜਹਾਨ ਦਾ ਜੇਠਾ ਪੁੱਤਰ ਸੀ। ਦਾਰਾ ਇਕ ਸੂਫੀ ਤੇ ਸਿੱਖ ਧਰਮ ਦਾ ਬਹੁਤ ਪ੍ਰਸ਼ੰਸਕ ਸੀ। ਇਕ ਦੁਰਲਭ ਦਵਾਈ ਭੇਜ ਕੇ ਗੁਰੂ ਜੀ ਨੇ 1648 ਈ. ਵਿਚ ਉਸ ਦੀ (ਦਾਰਾ ਸ਼ਿਕੋਹ) ਦੀ ਜਾਨ ਬਚਾਈ ਸੀ। ਕੁਝ ਇਤਿਹਾਸਕਾਰਾਂ ਅਨੁਸਾਰ ਸ਼ਹਿਜਾਦਾ ਦਾਰਾ 1658 ਵਿਚ, ਜਦੋਂ ਔਰੰਗਜ਼ੇਬ ਦੀ ਫੌਜ ਤੇਜ਼ੀ ਨਾਲ ਪਿਛਾ ਕਰ ਰਹੀ ਸੀ, ਗੁਰੂ ਜੀ ਕੋਲ ਗੋਇੰਦਵਾਲ ਪਹੁੰਚ ਗਿਆ ਤੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਜੀ ਨੂੰ ਫੜੇ ਜਾਣ ਤੋਂ ਬਚਾਉਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੀ ਇਕ ਟੁਕੜੀ ਬਿਆਸ ਦਰਿਆ ਦੇ ਲਾਂਘੇ ਤੇ ਸ਼ਾਹੀ ਫੌਜ ਨੂੰ ਰੋਕਣ ਲਈ ਭੇਜੀ ਪਰ ਗੁਰੂ ਹਰਿ ਰਾਏ ਜੀ ਦੇ ਚਰਿੱਤਰ ਅਤੇ ਉਨ੍ਹਾਂ ਦੀ ਸ਼ਾਂਤੀ ਪੂਰਣ ਨੀਤੀ ਨੂੰ ਵੇਖਦਿਆਂ ਇਸ ਕਥਨ ਦੀ ਪੁਸ਼ਟੀ ਕਰਨੀ ਬਹੁਤ ਕਠਿਨ ਹੈ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਹਰ ਰਾਏ ਜੀ ਨੂੰ ਆਪਣੇ ਦਾਦਾ ਜੀ ਵਲੋਂ ਇਹ ਨਸੀਹਤ ਸੀ ਕਿ ਮੁਗਲ ਸਰਕਾਰ ਵਿਰੁੱਧ ਲੜਨਾ ਨਹੀਂ।

ਔਰੰਗਜ਼ੇਬ 1658 ਈ. ਵਿਚ ਤਖ਼ਤ ਤੇ ਬੈਠਿਆ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਦਿੱਤਾ ਸੀ ਤੇ ਆਪਣੇ ਭਰਾਵਾਂ ਤੇ ਕਬੀਲੇ ਦੇ ਬਾਕੀ ਲੋਕਾਂ ਨੂੰ ਕਤਲ ਕਰਵਾ ਦਿੱਤਾ ਸੀ। ਰਾਜ ਗੱਦੀ ਨੂੰ ਸੰਭਾਲਣ ਤੋਂ ਪਿਛੋਂ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਕਿਹਾ। ਉਸ ਦਾ ਅਸਲ ਮੰਤਵ ਤਾਂ ਸਿੱਖ ਧਰਮ ਵਿਚ ਕੋਈ ਅਜਿਹੀ ਚੀਜ਼ ਲੱਭਣਾ ਸੀ ਜੋ ਇਸਲਾਮ ਦੇ ਖਿਲਾਫ਼ ਹੋਵੇ ਤੇ ਫਿਰ ਗੁਰੂ ਜੀ ਨੂੰ ਸਜ਼ਾ ਦੇਣ ਲਈ ਕਿਸੇ ਗੱਲ ਨੂੰ ਬਹਾਨੇ ਦੇ ਤੌਰ ਤੇ ਵਰਤਿਆ ਜਾ ਸਕੇ। ਗੁਰੂ ਜੀ ਨੇ ਖੁਦ ਆਪਣੀ ਥਾਂ ਆਪਣੇ ਵੱਡੇ ਪੁੱਤਰ ਨੂੰ ਭੇਜ ਦਿੱਤਾ, ਜਿਸ ਦਾ ਨਾਮ ਰਾਮ ਰਾਏ ਸੀ ਤਾਂ ਕਿ ਉਹ ਬਾਦਸ਼ਾਹ ਨੂੰ ਤਸੱਲੀ ਕਰਵਾ ਸਕੇ। ਰਾਮ ਰਾਏ ਬਾਦਸ਼ਾਹ ਦੀ ਤਸੱਲੀ ਕਰਵਾਉਣ ਦੀ ਬਜਾਏ ਆਪ ਹੀ ਉਸ ਨਾਲ ਮਿਲ ਗਿਆ। ਅਸਲ ਵਿਚ ਔਰੰਗਜ਼ੇਬ ਇਕ ਗੁਝੀ ਚਾਲ ਚਲ ਕੇ ਸਿੱਖ ਧਰਮ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ ਤੇ ਇਸ ਮੰਤਵ ਦੀ ਪੂਰਤੀ ਲਈ ਰਾਮ ਰਾਏ ਉਸ ਨੂੰ ਇਕ ਚੰਗਾ ਹਥਿਆਰ ਮਿਲ ਗਿਆ ਸੀ। ਗੁਰੂ ਹਰ ਰਾਏ ਨੇ ਰਾਮ ਰਾਏ ਨੂੰ ਗੁਰਗੱਦੀ ਵਰਗੀ ਮਹਾਨ ਜ਼ਿੰਮੇਵਾਰੀ ਲਈ ਅਯੋਗ ਕਰਾਰ ਦੇ ਦਿੱਤਾ ਅਤੇ ਆਪਣੇ ਛੋਟੇ ਪੁੱਤਰ ਸ੍ਰੀ ਹਰ ਕ੍ਰਿਸ਼ਨ ਨੂੰ ਆਪਣਾ ਉਤਰਾਧਿਕਾਰੀ ਥਾਪ ਦਿੱਤਾ।

## ਗੁਰੂ ਹਰਿ ਕ੍ਰਿਸ਼ਨ ਤੇ ਔਰੰਗਜ਼ੇਬ

ਅਕਤੂਬਰ 1661 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਗੁਰੂ ਹਰ ਕ੍ਰਿਸ਼ਨ ਨੇ ਗੁਰਗੱਦੀ ਸੰਭਾਲੀ। ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਬੁਲਾਇਆ ਕਿਉਂਕਿ ਰਾਮ ਰਾਏ ਗੱਦੀ ਤੇ ਆਪਣਾ ਹੱਕ ਵਰਾਸਤ ਦੇ

ਆਧਾਰ ਤੇ ਸਮਝਦਾ ਸੀ। ਮੁਗਲ ਸਮਰਾਟ ਔਰੰਗਜ਼ੇਬ ਵਲੋਂ ਗੁਰੂ ਹਰਿ ਕ੍ਰਿਸ਼ਨ ਨੂੰ ਗੱਦੀ ਦੇ ਦਾਵੇ ਦਾ ਪੱਖ ਪੇਸ਼ ਕਰਨ ਲਈ ਕਿਹਾ ਗਿਆ। ਗੁਰੂ ਜੀ ਦਿੱਲੀ ਗਏ ਅਤੇ ਰਾਇਸਨ ਵਿਖੇ ਮਿਰਜ਼ਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ। ਬਾਦ ਵਿਚ ਮੁਗਲ ਸਮਰਾਟ ਇਸ ਗੱਲ ਨਾਲ ਸੰਤੁਸ਼ਟ ਹੋ ਗਿਆ ਕਿ ਗੁਰੂ ਹਰ ਰਾਏ ਦੀ ਚੋਣ ਠੀਕ ਤੇ ਯੋਗ ਸੀ। ਇਸ ਲਈ ਰਾਮ ਰਾਏ ਦੀ ਬੇਨਤੀ ਰੱਦ ਕਰ ਦਿੱਤੀ ਗਈ।

## ਗੁਰੂ ਤੇਗ ਬਹਾਦਰ ਤੇ ਔਰੰਗਜ਼ੇਬ

ਦਿੱਲੀ ਵਿਖੇ ਹੀ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ। ਨੌਵੇ ਗੁਰੂ ਤੇਗ ਬਹਾਦਰ ਸਾਹਿਬ ਬਣੇ (1664–75 ਈ.)। ਇਸ ਨਾਲ ਸਿੱਖ ਗੁਰੂਆਂ ਤੇ ਮੁਗਲਾਂ ਨਾਲ ਸੰਬੰਧਾਂ ਦਾ ਇਕ ਨਵਾਂ ਕਾਂਡ ਸ਼ੁਰੂ ਹੋਇਆ। ਇਹ ਗੱਲ ਸਮਝਣੀ ਮੁਸ਼ਕਿਲ ਹੈ ਕਿ ਗੁਰੂ ਹਰ ਰਾਏ ਤੇ ਹਰਿ ਕ੍ਰਿਸ਼ਨ ਦੇ ਸਮੇਂ ਔਰੰਗਜ਼ੇਬ ਨੇ ਸਿੱਖਾਂ ਦੇ ਵਿਰੁੱਧ ਕੋਈ ਨਿਰਣਾਕਾਰੀ ਕਦਮ ਕਿਉਂ ਨਹੀਂ ਚੁੱਕਿਆ।

ਸੰਭਵ ਹੈ ਕਿ ਉਹ ਸਿੱਖਾਂ ਦੇ ਆਪਸੀ ਸੰਬੰਧ ਵਿਗਾੜ ਕੇ ਹੀ ਸੰਤੁਸ਼ਟ ਸੀ। ਪਰ ਇਸ ਦੇ ਨਾਲ ਹੀ ਇਹ ਤੱਥ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਇਸਲਾਮ ਤੋਂ ਬਿਨਾਂ ਬਾਕੀ ਧਰਮਾਂ ਦੇ ਵਾਂਗ ਸਿੱਖ ਧਰਮ ਵੀ ਅਸਹਿਨਸ਼ੀਲ ਔਰੰਗਜ਼ੇਬ ਲਈ ਕੋਈ ਚੰਗਾ ਸ਼ਗਨ ਨਹੀਂ ਸੀ। ਇਸੇ ਕਾਰਣ ਗੁਰੂ ਤੇਗ ਬਹਾਦਰ ਦੀਆਂ ਗਤੀਵਿਧੀਆਂ ਤੇ ਮੁਗਲ ਸਰਕਾਰ ਵਲੋਂ ਬਹੁਤ ਚੌਕਸੀ ਰੱਖੀ ਗਈ। ਗੁਰਗੱਦੀ ਤੇ ਬੈਠਣ ਤੋਂ ਥੋੜੀ ਦੇਰ ਬਾਦ ਹੀ ਗੁਰੂ ਤੇਗ ਬਹਾਦਰ ਨੇ ਗੁਰੂ ਨਾਨਕ ਅਤੇ ਗੁਰੂ ਹਰਗੋਬਿੰਦ ਵਾਂਗ 1665 ਤੋਂ 1670 ਈ. ਵਿਚ ਭਾਰਤ ਦੇ ਪੂਰਬੀ ਸੂਬਿਆਂ ਦਾ ਇਕ ਲੰਮਾ ਪ੍ਰਚਾਰਕ ਦੌਰਾ ਸ਼ੁਰੂ ਕਰ ਦਿੱਤਾ। ਜਦੋਂ ਗੁਰੂ ਜੀ ਧਮਤਾਨ ਪਹੁੰਚੇ ਤਾਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਪਰ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਨੇ ਇਸ ਹੁਕਮ ਵਲ ਕੋਈ ਧਿਆਨ ਨਾ ਦਿੱਤਾ ਤੇ ਆਪਣਾ ਕੰਮ ਜਾਰੀ ਰਖਿਆ। ਹੁਣ ਲੱਭੀ ਭੱਟਵਹੀ ਦੇ ਲੇਖਕ ਅਨੁਸਾਰ ਬਾਦਸ਼ਾਹ ਨੇ ਆਲਮ ਖਾਨ ਪਠਾਨ ਨੂੰ ਗੁਰੂ ਨੂੰ ਫੜਨ ਲਈ ਭੇਜਿਆ। ਉਸ ਨੇ ਗੁਰੂ ਸਾਹਿਬ ਨੂੰ ਫੜ ਕੇ ਪੇਸ਼ ਕਰ ਦਿੱਤਾ। ਮੁਗਲ ਦਰਬਾਰ ਦਾ ਇਕ ਪ੍ਰਭਾਵੀ ਰਾਜਪੂਤ ਰਾਜਾ ਰਾਮ ਸਿੰਘ ਜੇਕਰ ਗੁਰੂ ਜੀ ਦੀ ਜਮਾਨਤ ਨਾ ਦਿੰਦਾ ਤਾਂ ਹੋ ਸਕਦਾ ਸੀ ਕਿ ਗੁਰੂ ਜੀ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਜਾਂਦੀ। ਉਸ ਨੇ ਬਾਦਸ਼ਾਹ ਤੇ ਪ੍ਰਭਾਵ ਪਾਇਆ ਕਿ ਗੁਰੂ ਜੀ ਇਕ ਸੰਤ ਹਨ ਤੇ ਉਨ੍ਹਾਂ ਨੂੰ ਸਜਾ ਦੇਣਾ ਇਕ ਬਾਦਸ਼ਾਹ ਨੂੰ ਸ਼ੋਭਾ ਨਹੀਂ ਦਿੰਦਾ। ਇਸ ਤੋਂ ਬਾਦ ਗੁਰੂ ਜੀ ਨੇ ਆਪਣੀ ਪੂਰਬ ਵਲ ਯਾਤਰਾ ਅਟੁੱਟ ਜਾਰੀ ਰੱਖੀ।

ਔਰੰਗਜ਼ੇਬ 1666 ਈ. ਤਕ ਬਿਲਕੁਲ ਸੁਰਖਿਅਤ ਹੋ ਗਿਆ ਸੀ। ਉਸ ਨੇ ਆਪਣੇ ਹੱਕੀਆਂ (ਰਾਜ ਗੱਦੀ ਦੇ ਦਾਵੇਦਾਰਾਂ) ਦਾ ਸਫਾਇਆ ਕਰ ਦਿੱਤਾ ਸੀ। ਹੁਣ ਉਹ ਉਸੇ ਰਸਤੇ ਤੇ ਚਲਣਾ ਚਾਹੁੰਦਾ ਸੀ, ਜੋ ਉਸ ਦੇ ਦਿਲ ਨੂੰ ਪਿਆਰਾ ਸੀ। ਉਸ ਨੇ ਅਜਿਹਾ ਹੀ ਸ਼ੁਰੂ ਕਰ ਦਿੱਤਾ। ਨਕਸਬੰਦੀਆਂ ਦੇ ਮੁਖ ਅੱਡੇ ਸਰਹੰਦ ਵਿਖੇ ਉਸ ਨੇ ਮਦਰੱਸਾ ਖੁਲਵਾਇਆ। ਉਹ ਨਕਸਬੰਦੀਆਂ ਦੇ ਮੁਖੀ ਦੇ ਪ੍ਰਭਾਵ ਅਧੀਨ ਆ ਗਿਆ ਸੀ ਅਤੇ ਇਸਲਾਮ ਨੂੰ ਮੁੜ ਸੁਰਜੀਤ ਕਰਨਾ ਚਾਹੁੰਦਾ ਸੀ ਜਿਹੜਾ ਕਿ ਅਕਬਰ ਤੇ ਦਾਰਾ ਦੀ ਉਦਾਰ ਧਾਰਮਿਕ ਨੀਤੀ ਕਾਰਣ ਬਹੁਤ ਨੁਕਸਾਨ ਉੱਠਾ ਚੁਕਿਆ ਸੀ। ਪਹਿਲਾਂ ਗਵਰਨਰ ਹੁੰਦਿਆਂ ਤੇ ਫਿਰ ਬਾਦਸ਼ਾਹ ਬਣਨ ਤੋਂ ਬਾਅਦ ਵੀ ਔਰੰਗਜ਼ੇਬ ਧਰਮ ਬਹਾਲੀ ਵਾਲਿਆਂ ਨਾਲ ਜੁੜਿਆ ਹੋਇਆ ਸੀ। ਇਹ ਨੀਤੀ ਉਸ ਦੇ ਰਾਜਨੀਤਿਕ ਹਿਤਾਂ ਲਈ ਵੀ ਠੀਕ ਸੀ। ਇਸ ਨੇ ਲੋਕਾਂ ਦਾ ਧਿਆਨ ਉਸ ਦੁਆਰਾ ਕੀਤੇ ਕਤਲਾਂ ਵਲੋਂ ਹਟਾ ਦਿੱਤਾ। ਇਸਦੇ ਨਾਲ ਹੀ ਸੁੰਨੀ ਮੁਸਲਮਾਨ ਉਸ

ਨਾਲ ਸਹਿਮਤ ਹੋ ਗਏ ਤੇ ਬਾਦਸ਼ਾਹ ਪੂਰੀ ਸੁੰਨੀ ਜਨਤਾ ਨੂੰ ਆਪਣੇ ਹੱਕ ਵਿਚ ਜਿੱਤਣ ਵਿਚ ਕਾਮਯਾਬ ਹੋ ਗਿਆ। ਮਾਸਿਰ–ਏ–ਆਲਮਗੀਰੀ ਅਨੁਸਾਰ ਉਸ ਨੇ ਅਪ੍ਰੈਲ 1669 ਵਿਚ ਸੂਬਿਆਂ ਦੇ ਸਾਰੇ ਗਵਰਨਰਾਂ ਨੂੰ ਹੁਕਮ ਜਾਰੀ ਕੀਤਾ ਕਿ ਹਰ ਥਾਂ ਬੇਈਮਾਨ ਕਾਫਰਾਂ ਦੇ ਸਭ ਸਕੂਲ ਤੇ ਮੰਦਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਜਾਣ। ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਗਈ।

ਬਾਦਸ਼ਾਹ ਦੇ ਇਨ੍ਹਾਂ ਹੁਕਮਾਂ ਦਾ ਅਸਰ ਸਾਰੇ ਦੇਸ਼ ਉਤੇ ਪਿਆ। ਖਾਫ਼ੀ ਖਾਨ ਦੇ ਮੁੰਤਖਿਬ–ਉਲ–ਲੁਬਾਬ ਅਨੁਸਾਰ ਸਿੱਖਾਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪਿਆ। ਸਿੱਖ ਬਾਰੇ ਸੂਚਨਾ ਮਿਲਣ ਤੇ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਪ੍ਰਤੀਨਿਧਾਂ ਜਾਂ ਪੁਜਾਰੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਪੂਜਾ ਦੇ ਸਥਾਨ ਢਾਹ ਦਿੱਤੇ ਜਾਣ। ਮਿਰਜਾ ਇਨਾਯਤ ਉਲਾ ਇਸਮੀ ਅਹਿਕਾਮੇ ਆਲਮਗੀਰ ਵਿਚ ਦੱਸਦਾ ਹੈ ਕਿ ਬਾਦਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਸੂਬਾ ਸਰਹੰਦ ਵਿਚ ਸਿੱਖ ਮੰਦਰ ਢਾਹ ਦਿੱਤਾ ਗਿਆ ਤੇ ਉਸ ਦੀ ਥਾਂ ਤੇ ਮਸੀਤ ਉਸਾਰ ਦਿੱਤੀ ਗਈ।

ਇਸ ਸਮੇਂ ਗੁਰੂ ਤੇਗ ਬਹਾਦਰ ਆਪਣਾ ਪ੍ਰਚਾਰ ਦੌਰਾ ਜਾਰੀ ਰਖਦੇ ਹੋਏ ਆਸਾਮ ਵਿਚ ਸਨ। ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੋਇਆ। ਉਨ੍ਹਾਂ ਨੇ ਆਪਣੇ ਕੇਂਦਰੀ ਸਥਾਨ ਤੋਂ ਦੂਰ ਰਹਿਣਾ ਠੀਕ ਨਹੀਂ ਲਗਿਆ। ਉਹ ਬਹੁਤ ਤੇਜ਼ੀ ਨਾਲ ਪੰਜਾਬ ਪਰਤੇ ਅਤੇ ਮਾਲਵਾ ਬਾਂਗਰ ਪ੍ਰਦੇਸ਼ਾਂ ਵਲ ਆਪਣਾ ਪ੍ਰਚਾਰ ਦੌਰਾ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਿਸ਼ਵਾਸ ਦੁਆਇਆ ਕਿ ਗੁਰੂ ਉਨ੍ਹਾਂ ਦੇ ਨਾਲ ਹੈ। ਦੇਸ਼ ਦੇ ਸਾਰੇ ਭਾਗਾਂ ਵਿਚੋਂ ਸਿੱਖ ਦਰਸ਼ਨਾਂ ਲਈ ਆਉਂਦੇ। ਉਨ੍ਹਾਂ ਦੀਆਂ ਧਾਰਮਿਕ ਸਭਾਵਾਂ ਵਿਚ ਬਹੁਤ ਜ਼ਿਆਦਾ ਗਿਣਤੀ ਵਿਚ ਸ਼ਰਧਾਲੂ ਆਉਂਦੇ ਅਤੇ ਖਾਸ ਕਰਕੇ ਤਿਉਹਾਰਾਂ ਦੇ ਮੌਕਿਆਂ ਤੇ ਜਦੋਂ ਕਿ ਬਹੁਤ ਮਾਤਰਾ ਵਿਚ ਗੁਰੂ ਨੂੰ ਭੇਟਾ ਵੀ ਦਿੱਤੀ ਜਾਂਦੀ।

ਸ਼ਾਹੀ ਗੁਪਤਚਾਰਾਂ ਨੇ ਗੁਰੂ ਤੇ ਸਿੱਖਾਂ ਦੇ ਸੰਬੰਧਾਂ ਦੀ ਅਸਲੀਅਤ ਨੂੰ ਸਮਝੇ ਬਿਨਾ ਤੇ ਸੰਭਵਤਾ ਬਾਦਸ਼ਾਹ ਦੇ ਹੁਕਮਾਂ ਦੀ ਤੇਜ਼ੀ ਨਾਲ ਪਾਲਣਾ ਕਰਵਾਉਣ ਦੇ ਜੋਸ਼ ਵਿਚ, ਬਾਦਸ਼ਾਹ ਨੂੰ ਸੂਚਨਾ ਦਿੱਤੀ ਕਿ ਬਨੂੜ ਦੇ ਪਠਾਣ ਹਾਫਿਜ਼ ਆਦਮ ਵਾਂਗ, ਗੁਰੂ ਤੇਗ ਬਹਾਦਰ ਜਿਸ ਦੇ ਚੇਲੇ ਬਹੁਤ ਗਿਣਤੀ ਵਿਚ ਹਨ, ਦਾ ਪ੍ਰਭਾਵ ਬਹੁਤ ਹੀ ਵਧ ਰਿਹਾ ਸੀ। ਕਈ ਹਜ਼ਾਰ ਆਦਮੀਆਂ ਨਾਲ ਹਿੰਦੂਆਂ ਤੋਂ ਧੰਨ ਇਕੱਠਾ ਕਰ ਰਹੇ ਹਨ ਅਤੇ ਜੇ ਉਨ੍ਹਾਂ ਦੀ ਤਾਕਤ ਇਸ ਤਰ੍ਹਾਂ ਵਧਦੀ ਰਹੀ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ ਕਿ ਉਹ ਬਾਗੀ ਬਣ ਬੈਠਣ। ਪਰੰਤੂ ਬਾਦਸ਼ਾਹ ਔਰੰਗਜ਼ੇਬ ਲਈ ਖਬਰ ਨਵੀਸਾਂ ਵਲੋਂ ਇਹੋ ਜਿਹੇ ਸਮੇਂ ਤਥਾਕਥਿਤ ਇਸ਼ਾਰਾ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਸ਼ੱਕ ਤੇ ਡਰ ਉਪਜਾਉਣ ਲਈ ਕਾਫ਼ੀ ਸੀ।

ਉਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਘਟਨਾ ਵਾਪਰੀ ਜਿਸ ਨੇ ਬਾਦਸ਼ਾਹ ਦਾ ਸ਼ੱਕ ਪੱਕਾ ਕਰ ਦਿੱਤਾ। ਕਸ਼ਮੀਰੀ ਪੰਡਤਾਂ ਦਾ ਇਕ ਜੱਥਾ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਨੰਦਪੁਰ ਸਾਹਿਬ ਪਹੁੰਚਿਆ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜ਼ਬਰਦਸਤੀ ਇਸਲਾਮ ਧਾਰਨ ਕਰਨ ਲਈ ਸਰਕਾਰ ਵਲੋਂ ਤਸੀਹੇ ਦੇ ਕੇ ਮਜ਼ਬੂਰ ਕੀਤਾ ਜਾ ਰਿਹਾ ਹੈ, ਇਸ ਲਈ ਸਾਡੀ ਰੱਖਿਆ ਕੀਤੀ ਜਾਵੇ। ਇਸ ਪ੍ਰਤੀਨਿਧ ਮੰਡਲ ਦੀ ਅਗਵਾਈ ਮਟਨ (ਕਸ਼ਮੀਰ) ਨਿਵਾਸੀ ਕਿਰਪਾ ਰਾਮ ਕਰ ਰਿਹਾ ਸੀ, ਕ੍ਰਿਪਾ ਰਾਮ ਗੁਰੂ ਜੀ ਦਾ ਜਾਣੂ ਸੀ ਕਿਉਂਕਿ ਕੁਝ ਸਮੇਂ ਆਨੰਦਪੁਰ ਵਿਖੇ ਬਾਲ ਗੋਬਿੰਦ ਸਿੰਘ ਦਾ ਅਧਿਆਪਕ ਰਿਹਾ ਸੀ। ਉਹ ਬ੍ਰਹਮਦਾਸ ਦੇ ਖਾਨਦਾਨ ਵਿਚੋਂ ਸੀ। ਬ੍ਰਹਮਦਾਸ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ। ਉਸ ਨੇ ਬ੍ਰਾਹਮਣਾਂ ਨੂੰ ਸਲਾਹ ਦਿੱਤੀ ਕਿ ਨਿਡਰ ਅਤੇ ਸਰਬਵਿਆਪਕ ਹਮਦਰਦੀ ਰੱਖਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਤੋਂ ਬਿਨ੍ਹਾਂ ਹੋਰ ਕੋਈ ਉਨ੍ਹਾਂ ਦੀ ਮਦਦ ਨਹੀਂ

ਕਰ ਸਕਦਾ। ਹੋ ਸਕਦਾ ਹੈ ਕਿ ਉਹ ਇਹ ਸੋਚ ਕੇ ਗੁਰੂ ਜੀ ਕੋਲ ਆਏ ਹੋਣ ਕਿ ਗੁਰੂ ਜੀ ਦੀ ਰਾਜਾ ਰਾਮ ਸਿੰਘ ਦੇ ਰਾਹੀਂ ਔਰੰਗਜ਼ੇਬ ਤਕ ਪਹੁੰਚ ਹੈ ਤੇ ਉਨ੍ਹਾਂ ਦੇ ਵਿਚ ਪੈਣ ਨਾਲ ਸ਼ਾਇਦ ਕਸ਼ਮੀਰ ਦੇ ਗਵਰਨਰ ਇਫ਼ਿਤਖਾਰ-ਉਦ-ਦੀਨ ਦੀ ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਨੀਤੀ ਤੋਂ ਛੁਟਕਾਰਾ ਮਿਲ ਸਕੇ। ਗੁਰੂ ਜੀ ਨੇ ਹਮਦਰਦੀ ਨਾਲ ਉਨ੍ਹਾਂ ਦੀ ਵਿਥਿਆ ਸੁਣ ਕੇ ਡੂੰਘੀ ਸੋਚ ਵਿਚਾਰ ਵਿਚ ਡੁਬ ਗਏ ਅਤੇ ਮਾਮਲੇ ਨੂੰ ਪੂਰੀ ਤਰ੍ਹਾਂ ਵਿਚਾਰਣ ਤੋਂ ਬਾਅਦ ਉਨ੍ਹਾਂ ਕਿਹਾ ''ਇਸ ਸਮੇਂ ਕਿਸੇ ਮਹਾਂਪੁਰਖ ਦੇ ਬਲੀਦਾਨ ਨਾਲ ਹੀ ਲੋਕਾਂ ਦੇ ਦੁਖ ਦੂਰ ਹੋ ਸਕਦੇ ਹਨ।'' ਗੁਰੂ ਸਾਹਿਬ ਦੇ ਨੌ ਵਰ੍ਹਿਆਂ ਦੇ ਸਪੁੱਤਰ ਗੋਬਿੰਦ ਦਾਸ ਜੋ ਉਸ ਸਮੇਂ ਉਥੇ ਹੀ ਬੈਠੇ ਸਨ, ਬੋਲ ਉਠੇ, ''ਪਿਤਾ ਜੀ, ਇਸ ਪਵਿੱਤਰ ਅਤੇ ਸਰੇਸ਼ਟ ਕਾਰਜ ਲਈ ਤੁਹਾਡੇ ਤੋਂ ਵਧ ਯੋਗ ਮਹਾਂਪੁਰਸ਼ ਕੌਣ ਹੋ ਸਕਦਾ ਹੈ।'' ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਗੁਰੂ ਸਾਹਿਬ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦਾ ਪੁੱਤਰ ਸਿੱਖਾਂ ਦੀ ਅਗਵਾਈ ਕਰਨ ਵਿਚ ਪੂਰੀ ਤਰ੍ਹਾਂ ਯੋਗ ਹੋਵੇਗਾ। ਇਸ ਲਈ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਸਰਕਾਰੀ ਕਰਮਚਾਰੀਆਂ ਨੂੰ ਕਹਿ ਦੇਣ ਕਿ ਜੇ ਉਹ ਗੁਰੂ ਤੇਗ ਬਹਾਦਰ ਨੂੰ ਇਸਲਾਮ ਵਿਚ ਲੈ ਆਉਣ ਤਾਂ ਉਹ ਆਪਣੇ ਆਪ ਧਰਮ ਬਦਲ ਲੈਣਗੇ। ਕਸ਼ਮੀਰੀ ਪੰਡਿਤਾਂ ਨੇ ਇਹ ਗੱਲ ਵਾਪਸ ਜਾ ਕੇ ਇਫ਼ਤਖਾਰ ਖਾਂ ਨੂੰ ਕਹਿ ਦਿੱਤੀ। ਛੇਤੀ ਇਹ ਗੱਲ ਔਰੰਗਜ਼ੇਬ ਤਕ ਪਹੁੰਚਾ ਦਿੱਤੀ। ਮੁਗਲ ਬਾਦਸ਼ਾਹ ਦੇ ਹੁਕਮ ਤੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਗਿਆ।

ਗੁਰੂ ਜੀ ਦਾ ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ ਹਮਦਰਦੀ ਭਰਿਆ ਹੁੰਗਾਰਾ ਤੇ ਗੁਰੂ ਸਾਹਿਬ ਦੇ ਲਈ ਮਹਾਨ ਕੁਰਬਾਨੀ ਲਈ ਤਿਆਰ ਹੋਣਾ ਇਤਿਹਾਸ ਵਿਚ ਇਕ ਅਦੁੱਤੀ ਉਦਾਹਰਣ ਹੈ। ਨਾਂ ਤਾਂ ਗੁਰੂ ਸਾਹਿਬ ਬ੍ਰਾਹਮਣ ਸਨ ਤੇ ਨਾ ਹੀ ਉਨ੍ਹਾਂ ਦਾ ਉਨ੍ਹਾਂ ਦੇ ਧਾਰਮਿਕ ਰਸਤੇ ਵਿਚ ਵਿਸ਼ਵਾਸ ਸੀ ਕਿਉਂਕਿ ਨਾਂ ਤਾਂ ਉਹ ਤਿਲਕ ਲਗਾਉਂਦੇ ਸਨ ਤੇ ਨਾ ਜਨੇਉ ਪਹਿਨਦੇ ਸਨ। ਸਿੱਖ ਧਰਮ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੈ। ਸਿੱਖ ਧਰਮ ਦੇ ਬਾਨੀ ਨੇ ਇਨ੍ਹਾਂ ਚੀਜ਼ਾਂ ਨੂੰ ਕਬੂਲਣ ਤੋਂ ਆਪ ਹੀ ਨਾਂਹ ਨਹੀਂ ਕੀਤੀ ਸਗੋਂ ਆਪਣੇ ਸ਼ਗਿਰਦਾਂ ਨੂੰ ਵੀ ਇਨ੍ਹਾਂ ਦੀ ਵਰਤੋਂ ਦੀ ਮਨਾਹੀ ਕੀਤੀ ਸੀ ਪਰ ਇਨ੍ਹਾਂ ਨੂੰ ਲਾਹ ਕੇ ਮੁਸਲਿਮ ਕੱਟੜਪੰਥੀਆਂ ਦੁਆਰਾ ਜ਼ਬਰਦਸਤੀ ਧਰਮ ਬਦਲੀ ਦਾ ਕਰਵਾਇਆ ਜਾਣਾ ਬਹੁਤ ਹੀ ਜ਼ੁਲਮ ਅਤੇ ਰਾਜਨੀਤਿਕ ਸਤਾ ਦੀ ਦੁਰਵਰਤੋਂ ਸੀ। ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਕੇ ਉਪਰੋਕਤ ਜ਼ੁਲਮ ਲਈ ਵਿਰੋਧ ਪ੍ਰਗਟ ਕੀਤਾ। ਉਹ ਮਰਜ਼ੀ ਨਾਲ ਇਸਲਾਮ ਧਾਰਨ ਕਰਨ ਦੇ ਵਿਰੁੱਧ ਨਹੀਂ ਸਨ। ਇਹ ਹਰ ਇਕ ਦਾ ਨਿਜੀ ਮਾਮਲਾ ਹੈ। ਪਰ ਜੇ ਕੋਈ ਇਸ ਕੰਮ ਲਈ ਜ਼ਬਰਦਸਤੀ ਕਰਦਾ ਹੈ ਤਾਂ ਸਿੱਖ ਆਚਰਣ ਦੇ ਅਨੁਸਾਰ ਇਸ ਦਾ ਵਿਰੋਧ ਕਰਨਾ ਜ਼ਰੂਰੀ ਹੈ, ਪਰੰਤੂ ਬਾਦਸ਼ਾਹ ਔਰੰਗਜ਼ੇਬ ਨੇ ਇਸ ਗੱਲ ਨੂੰ ਕਿਸੇ ਹੋਰ ਪਹਿਲੂ ਤੋਂ ਲਿਆ ਸੀ। ਉਸ ਦੀ ਸਿੱਖ ਧਰਮ ਨਾਲ ਪਹਿਲਾਂ ਹੀ ਕੋਈ ਹਮਦਰਦੀ ਨਹੀਂ ਸੀ ਤੇ ਹੁਣ ਮੂਰਤੀ ਪੂਜਕ ਬ੍ਰਾਹਮਣਾਂ ਨਾਲ ਗੁਰੂ ਜੀ ਨੇ ਹਮਦਰਦੀ ਪ੍ਰਗਟ ਕਰਕੇ ਉਸ ਦੇ ਮਨ ਵਿਚ ਪਹਿਲਾਂ ਹੀ ਭੜਕ ਰਹੀ ਅੱਗ ਵਿਚ ਹੋਰ ਤੇਲ ਪਾ ਦਿੱਤਾ।

ਭਟਵਹੀਆਂ ਦੀਆਂ ਲਿਖਤਾਂ ਅਨੁਸਾਰ ਗੁਰੂ ਜੀ ਦੀ ਗ੍ਰਿਫਤਾਰੀ ਤੇ ਸ਼ਹੀਦੀ ਦੇ ਹਾਲਾਤ ਇਸ ਤਰ੍ਹਾਂ ਸਨ ਕਿ ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਜੇਲ ਵਿਚ ਸੁੱਟ ਦਿੱਤਾ ਜਾਵੇ। ਲਾਹੌਰ ਦੇ ਗਵਰਨਰ ਨੇ ਅੱਗੇ ਸਰਹੰਦ ਦੇ ਫੌਜਦਾਰ ਦਿਲਾਵਰ ਖਾਨ ਨੂੰ ਹੁਕਮ ਦਿੱਤਾ। ਦਿਲਾਵਰ ਖਾਨ ਨੇ ਰੋਪੜ ਹਲਕੇ ਦੇ ਕੋਤਵਾਲ ਨੂੰਰ ਮੁਹੰਮਦ ਮਿਰਜ਼ਾ ਨੂੰ (ਜਿਸ ਦੇ ਇਲਾਕੇ ਵਿਚ ਆਨੰਦਪੁਰ ਪੈਂਦਾ ਸੀ)। ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਹੁਕਮਾਂ ਨੂੰ ਗੁਪਤ ਰਖਿਆ ਗਿਆ ਅਤੇ ਜਦੋਂ ਗੁਰੂ ਸਾਹਿਬ ਆਪਣੇ ਕੁਝ ਗਿਣਤੀ ਦੇ

ਸਾਥੀਆਂ ਨਾਲ ਰੋਪੜ ਨੇੜੇ ਪਿੰਡ ਮਲਕਪੁਰ ਰੰਘੜਾ ਪਹੁੰਚੇ ਜਿਥੋਂ ਕਿ ਉਨ੍ਹਾਂ ਸਤਲੁਜ ਦਰਿਆ ਨੂੰ ਪਾਰ ਕਰਕੇ ਅੱਗੇ ਜਾਣਾ ਸੀ, ਨੂਰ ਮੁਹੰਮਦ ਮਿਰਜ਼ਾ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਸਰਹੰਦ ਭੇਜ ਦਿੱਤਾ ਜਿਥੇ ਆਪ ਨੂੰ ਲਗਭਗ ਸਾਢੇ ਤਿੰਨ ਮਹੀਨੇ ਨਜ਼ਰਬੰਦ ਰੱਖਿਆ ਗਿਆ। ਸ਼ਾਹੀ ਪਰਵਾਨਾ ਆਉਣ ਤੇ ਇਕ ਲੋਹੇ ਦੇ ਪਿੰਜਰੇ ਵਿਚ ਪਾ ਕੇ ਗੁਰੂ ਜੀ ਨੂੰ ਬਾਦ ਵਿਚ ਦਿੱਲੀ ਭੇਜ ਦਿੱਤਾ ਗਿਆ। ਉਨ੍ਹਾਂ ਨੂੰ 11 ਨਵੰਬਰ, 1675 ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰਵਾ ਦਿੱਤਾ ਗਿਆ ਤੇ ਸਪਸ਼ਟ ਤੌਰ ਤੇ ਗੁਰੂ ਜੀ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦਾ ਸ਼ਿਕਾਰ ਹੋਏ। ਗੁਰੂ ਗੋਬਿੰਦ ਸਿੰਘ ਨੇ ਆਪਣੀ ਜੀਵਨੀ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਤੇ ਜਨੇਊ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ।

ਗੁਰੂ ਜੀ ਦੀ ਸ਼ਹੀਦੀ ਪੰਜਾਬ ਦੇ ਸਿੱਖ ਧਰਮ ਦੇ ਇਤਿਹਾਸ ਦੀ ਅਦੁੱਤੀ ਮਿਸਾਲ ਹੈ। ਇਸ ਨੇ ਲੋਕਾਂ ਦਾ ਧਿਆਨ ਉਸ ਵੱਲ ਖਿਚਿਆ ਜਿਸ ਦੇ ਲਈ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕੀਤੀ। ਇਹ ਕਾਰਨ ਸੀ ਦੱਬੇ ਕੁਚਲੇ ਲੋਕਾਂ ਦੀ ਰੱਖਿਆ, ਇਸ ਲਈ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋਈ। ਸਿੱਖਾਂ ਨੂੰ ਆਪਣੇ ਗੁਰੂ ਦੁਆਰਾ ਚੁੱਕੇ ਕਦਮ ਤੇ ਗੌਰਵ ਸੀ। ਇਸ ਨੇ ਉਨ੍ਹਾਂ ਵਿਚ ਏਕਤਾ ਦੀ ਦ੍ਰਿੜਤਾ ਲਿਆਂਦੀ ਅਤੇ ਗੁਰੂ ਸਾਹਿਬ ਦੀ ਸਿੱਖਿਆ ਨੂੰ ਅਸਲੀ ਜਾਮਾ ਪਹਿਨਾਉਣ ਦਾ ਜੋਸ਼ ਭਰਿਆ।

## ਗੁਰੂ ਗੋਬਿੰਦ ਸਿੰਘ ਤੇ ਔਰੰਗਜ਼ੇਬ :–

ਆਪਣੇ ਪਿਤਾ ਜੀ ਦੀ ਮੌਤ ਤੋਂ ਬਾਦ, 1675 ਈ. ਵਿਚ ਗੁਰੂ ਗੋਬਿੰਦ ਸਿੰਘ ਗੁਰਗੱਦੀ ਦੇ ਵਾਰਸ ਬਣੇ। ਪਿਤਾ ਦੀ ਸ਼ਹੀਦੀ ਦਾ ਉਨ੍ਹਾਂ ਤੇ ਡੂੰਘਾ ਅਸਰ ਪਿਆ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਲੋਕਾਂ ਨਾਲ ਤੇ ਉਨ੍ਹਾਂ ਨਾਲ ਇਕ ਬਹੁਤ ਹੀ ਭਾਰੀ ਨਾਕਾਬਲੇ ਮੁਆਫ਼ ਜ਼ੁਲਮ ਕੀਤਾ ਗਿਆ ਹੈ। ਅਜਿਹੀਆਂ ਭਾਵਨਾਵਾਂ ਦੀ ਗੂੰਜ ਬਚਿੱਤਰ ਨਾਟਕ ਦੀਆਂ ਸਤਰਾਂ ਵਿਚੋਂ ਸੁਣੀ ਜਾ ਸਕਦੀ ਹੈ। ਆਪਣੀ ਇਕ ਸਤਰ ਵਿਚ ਉਹ ਲਿਖਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਉਦੇਸ਼ ਕਬੁੱਧ (ਬੁਰੀ ਭਾਵਨਾ) ਨੂੰ ਜੜੋਂ ਪੁਟਣਾ ਹੈ। ਮੁਗਲ ਸਰਕਾਰ ਦਾ ਸਾਰੇ ਭਾਰਤ ਦੀ ਜਨਤਾ ਨੂੰ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕਰਨਾ ਇਕ ਅਜਿਹੀ ਹੀ ਬੁਰਾਈ ਸੀ ਜਿਸ ਦਾ ਟਾਕਰਾ ਕਰਨਾ ਜ਼ਰੂਰੀ ਸੀ। ਪਰੰਤੂ ਗੁਰੂ ਸਹਿਬ ਨੇ ਆਪਣੇ ਆਪ ਤੇ ਕਾਬੂ ਪਾਇਆ। ਕਿਉਂਕਿ ਆਪਣੇ ਚੁਣੇ ਰਸਤੇ ਤੇ ਚਲਣ ਲਈ ਹਾਲੇ ਉਨ੍ਹਾਂ ਨੇ ਕਈ ਤਿਆਰੀਆਂ ਕਰਨੀਆਂ ਸਨ ਅਤੇ ਉਸ ਰਸਤੇ ਤੇ ਚਲਣ ਲਈ ਜ਼ਰੂਰੀ ਸੀ ਕਿ ਸਰਕਾਰ ਦਾ ਧਿਆਨ ਵੀ ਖਿਚਿਆ ਜਾਵੇਗਾ। ਉਹ ਇਸ ਕੰਮ ਰੁਝ ਗਏ, ਉਨ੍ਹਾਂ ਨੇ ਉਪਦੇਸ਼ਾਂ ਤੇ ਫੌਜੀ ਸਿੱਖਿਆ ਰਾਹੀਂ ਆਪਣੇ ਸ਼ਗਿਰਦਾਂ ਵਿਚ ਮਾਨਵਤਾ ਪ੍ਰਤੀ ਉਨ੍ਹਾਂ ਦੇ ਹੱਕਾਂ ਤੇ ਫਰਜ਼ਾਂ ਨੂੰ ਜਾਣੂੰ ਕਰਵਾਇਆ। ਉਹ ਕੁਝ ਸਮੇਂ ਲਈ ਆਨੰਦਪੁਰ ਛੱਡ ਕੇ ਪਾਉਂਟਾ ਚਲੇ ਗਏ ਤਾਂ ਕਿ ਬੇਰੋਕ ਆਪਣੀ ਯੋਜਨਾ ਸਿਰੇ ਚੜ੍ਹਾ ਸਕਣ। ਇਨ੍ਹਾਂ ਪਹਾੜੀ ਰਾਜਿਆਂ ਦੇ ਮਨਾਂ ਵਿਚ ਇਹ ਸ਼ੱਕ ਉਤਪੰਨ ਹੋ ਗਿਆ ਕਿ ਜੇਕਰ ਗੁਰੂ ਜੀ ਨੂੰ ਸ਼ਾਂਤੀ ਨਾਲ ਰਹਿਣ ਦਿੱਤਾ ਗਿਆ ਤਾਂ ਉਹ ਉਨ੍ਹਾਂ ਦੀਆਂ ਰਿਆਸਤਾਂ ਲਈ ਗੰਭੀਰ ਖਤਰਾ ਪੈਦਾ ਕਰ ਦੇਣਗੇ। ਉਨ੍ਹਾਂ ਦੇ ਸਮਾਜਿਕ ਸਮਾਨਤਾ ਦੇ ਉਪਦੇਸ਼ ਅਤੇ ਇਕ ਰੱਬ ਵਿਚ ਭਰੋਸਾ ਲੋਕਾਂ ਵਿਚ ਜਾਗ੍ਰਿਤੀ ਲਿਆਵੇਗਾ ਤੇ ਲੋਕਾਂ ਨੂੰ ਸਾਰੇ ਪਹਾੜੀ ਰਾਜਿਆਂ ਵਿਰੁੱਧ ਬਗਾਵਤ ਕਰਨ ਲਈ ਮਜਬੂਰ ਕਰੇਗਾ। ਅਜਿਹੀ ਮਾਨਸਿਕ ਸਥਿਤੀ ਅਧੀਨ ਉਹ ਇਕੱਠੇ ਹੋ ਗਏ ਤੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਇਹ ਲੜਾਈ ਭੰਗਾਣੀ ਦੇ ਸਥਾਨ ਤੇ ਹੋਈ ਜਿਸ ਵਿਚ ਪਹਾੜੀ ਰਾਜਿਆਂ ਦੀ ਹਾਰ ਹੋਈ, ਇਸ ਤੋਂ ਬਾਦ ਇਨ੍ਹਾਂ ਰਾਜਿਆਂ ਨੇ ਗੁਰੂ ਜੀ ਪ੍ਰਤੀ ਆਪਣਾ ਵਤੀਰਾ ਬਦਲ ਲਿਆ। ਉਹ ਘੱਟੋ-ਘੱਟ ਕੁਝ ਸਮੇਂ ਲਈ ਉਨ੍ਹਾਂ ਦੇ ਪ੍ਰਸ਼ੰਸਕ ਬਣ ਗਏ। ਲੜਾਈ ਤੋਂ ਪਿਛੋਂ ਗੁਰੂ ਜੀ ਪਾਉਂਟੇ ਤੋਂ ਆਨੰਦਪੁਰ ਆ ਗਏ ਤੇ ਗੁਰੂ ਜੀ ਨੇ ਪਹਾੜੀ ਰਾਜਿਆਂ ਦੀ ਮਦਦ ਕੀਤੀ, ਜਦੋਂ ਕਸ਼ਮੀਰ ਦਾ ਗਵਰਨਰ ਮੀਆਂ ਖਾਨ ਪਹਾੜੀ ਰਾਜਿਆਂ ਤੋਂ

ਮਾਲੀਏ ਦਾ ਬਕਾਇਆ ਵਸੂਲਣ ਲਈ ਆਇਆ ਸੀ। ਨੰਦੌਣ ਦੀ ਲੜਾਈ ਵਿਚ ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਸ਼ਾਹੀ ਫੌਜ ਦਾ ਟਾਕਰਾ ਕੀਤਾ ਤੇ ਉਸ ਨੂੰ ਕਰਾਰੀ ਹਾਰ ਦਿੱਤੀ। ਇਸ ਜਿੱਤ ਦਾ ਸਿਹਰਾ ਗੁਰੂ ਜੀ ਦੇ ਸਿਰ ਹੀ ਬੰਨ੍ਹਿਆ ਗਿਆ। ਨੰਦੌਣ ਵਿਚ ਸ਼ਾਹੀ ਫੌਜਾਂ ਦੀ ਹਾਰ ਨਾਲ ਤੇ ਗੁਰੂ ਦੀ ਨਿੱਤ ਵਧਦੀ ਸ਼ਕਤੀ ਨੂੰ ਵੇਖ ਕੇ ਸਰਹੰਦ ਦੇ ਸੂਬੇਦਾਰ ਨੇ ਇਸ ਮਾਮਲੇ ਦੀ ਖਬਰ ਬਾਦਸ਼ਾਹ ਨੂੰ ਦੇਣੀ ਜ਼ਰੂਰੀ ਸਮਝੀ। ਬਾਦਸ਼ਾਹ ਨੇ ਫੋਜਦਾਰਾਂ (ਗਵਰਨਰਾਂ) ਨੂੰ ਹੁਕਮ ਜਾਰੀ ਕੀਤੇ ਕਿ ਗੁਰੂ ਨੂੰ ਸਿੱਖਾਂ ਦੇ ਇਕੱਠ ਕਰਨ ਤੋਂ ਰੋਕਿਆ ਜਾਵੇ।

ਸ਼ਾਇਦ ਇਨ੍ਹਾਂ ਹੁਕਮਾਂ ਦੇ ਕਿਸੇ ਨਿਰਦੇਸ਼ ਅਧੀਨ ਹੀ ਸ਼ਾਹੀ ਫੌਜਾਂ ਤੇ ਪਹਾੜੀ ਰਾਜਿਆਂ ਵਲੋਂ ਮਿਲ ਕੇ ਫੇਰ ਇਕ ਵਾਰ ਗੁਰੂ ਜੀ ਤੇ ਹਮਲਾ ਕੀਤਾ ਗਿਆ। ਇਹ 1694-95 ਦੀ ਗੱਲ ਹੈ। ਗੁਰੂ ਜੀ ਨੇ ਬਚਿੱਤਰ ਨਾਟਕ ਵਿਚ ਇਸ ਨੂੰ ਗੁਲੈਰ ਜਾਂ ਹੁਸੈਨੀ ਦੀ ਲੜਾਈ ਕਿਹਾ ਹੈ। ਇਸ ਲੜਾਈ ਵਿਚ ਗੁਰੂ ਸਾਹਿਬ ਨੇ ਨਿਰਣੈਜਨਕ ਜਿੱਤ ਪ੍ਰਾਪਤ ਕੀਤੀ।

ਸ਼ਾਹੀ ਫੌਜਾਂ ਦੀ ਇਸ ਦੁਬਾਰਾ ਹਾਰ ਨੇ ਬਾਦਸ਼ਾਹ ਨੂੰ ਚਿੰਤਾਤੁਰ ਕਰ ਦਿੱਤਾ। ਉਹ ਆਪ ਦੱਖਣ ਵਿਚ ਰੁਝਿਆ ਹੋਇਆ ਸੀ। ਉਥੋਂ ਉਸ ਨੇ ਆਪਣੇ ਵੱਡੇ ਪੁੱਤਰ ਮੁਅੱਜ਼ਮ (ਬਾਦ ਵਿਚ ਬਹਾਦਰ ਸ਼ਾਹ) ਨੂੰ ਪੰਜਾਬ ਦੇ ਮਸਲੇ ਦੇ ਹੱਲ ਲਈ ਭੇਜਿਆ। ਇਹ 1696 ਦੀ ਗੱਲ ਹੈ। ਸ਼ਹਿਜਾਦੇ ਨੇ ਆਪ ਲਾਹੌਰ ਦਾ ਮੋਰਚਾ ਸੰਭਾਲ ਲਿਆ। ਉਸ ਨੇ ਮਿਰਜ਼ਾ ਬੇਗ ਨੂੰ ਗੁਰੂ ਸਾਹਿਬ ਤੇ ਪਹਾੜੀ ਰਾਜਿਆਂ ਦੇ ਵਿਰੁੱਧ ਭੇਜਿਆ। ਰਾਜਿਆਂ ਨੂੰ ਚੰਗੀ ਸਜ਼ਾ ਦਿੱਤੀ ਗਈ ਪਰੰਤੂ ਗੁਰੂ ਜੀ ਨੂੰ ਨਾ ਛੇੜਿਆ ਗਿਆ। ਅਜਿਹਾ ਭਾਈ ਨੰਦ ਲਾਲ ਦੀ ਸਿਫਾਰਸ਼ ਤੇ ਕੀਤਾ ਗਿਆ। ਭਾਈ ਨੰਦ ਲਾਲ ਗੁਰੂ ਜੀ ਦਾ ਸ਼ਰਧਾਲੂ ਸੀ ਅਤੇ ਸ਼ਹਿਜ਼ਾਦੇ ਦਾ ਮੀਰ ਮੁਨਸ਼ੀ ਸੀ।

1699 ਵਿਚ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕੀਤੀ। ਖਾਲਸੇ ਦੀ ਸਿਰਜਣਾ ਦਾ ਕਾਰਣ ਮਨੁੱਖ ਮਾਤਰ ਲਈ ਅਜਿਹੇ ਸਮਾਜ ਦਾ ਬਣਾਉਣਾ ਸੀ ਜੋ ਸਮਾਜਿਕ ਸਮਾਨਤਾ, ਮਨੁੱਖੀ ਸਨਮਾਨ ਤੇ ਸੱਚ ਲਈ ਤਤਪਰ ਤੇ ਮਦਦਗਾਰ ਹੋਵੇ। ਖਾਲਸੇ ਦੀ ਸਿਰਜਣਾ ਦਾ ਜੋ ਤਤਕਾਲ ਪ੍ਰਭਾਵ ਪਿਆ ਉਹ ਇਹ ਸੀ ਕਿ ਪਹਾੜੀ ਸਰਦਾਰਾਂ ਵਿਚ ਘਬਰਾਹਟ (ਦਹਿਸ਼ਤ) ਫੈਲ ਗਈ ਅਤੇ ਉਨ੍ਹਾਂ ਨੂੰ ਸਿੱਖਾਂ ਦੇ ਸੰਬੰਧ ਵਿਚ ਮੁਗਲ ਸਰਕਾਰ ਨਾਲ ਆਪਣੇ ਸੰਬੰਧਾਂ ਬਾਰੇ ਮੁੜ ਸੋਚਣਾ ਪਿਆ। ਪਹਾੜੀ ਰਾਜਿਆਂ ਨੂੰ ਆਪਣੀ ਸੱਤਾ ਤੇ ਆਪਣੇ ਸਨਾਤਨ ਧਰਮ ਲਈ ਸਿੱਖਾਂ ਵਲੋਂ ਖਤਰਾ ਨਜ਼ਰ ਆਇਆ। ਇਸ ਲਈ ਉਨ੍ਹਾਂ ਨੇ ਨਾ ਮੁਕਣ ਵਾਲੀ ਵਿਰੋਧਤਾ ਕਰਨ ਦੀ ਸਹੁੰ ਖਾਧੀ। ਇਸ ਅਨੁਸਾਰ ਉਨ੍ਹਾਂ ਗੁਰੂ ਸਾਹਿਬ ਦੇ ਖਿਲਾਫ਼ ਮੁਗਲ ਸਰਕਾਰ ਤੋਂ ਸਹਾਇਤਾ ਮੰਗੀ। ਗੁਰੂ ਗੋਬਿੰਦ ਸਿੰਘ ਨੂੰ ਇਕੱਲਿਆਂ ਪਹਾੜੀ ਰਾਜਿਆਂ ਤੇ ਮੁਗਲ ਗਵਰਨਰਾਂ ਦੀਆਂ ਰਲਵੀਆਂ ਫੌਜਾਂ ਨਾਲ ਲੜਨਾ ਪਿਆ। ਦਸੰਬਰ 1705 ਵਿਚ ਉਨ੍ਹਾਂ ਨੂੰ ਆਨੰਦਪੁਰ ਛੱਡਣਾ ਪਿਆ। ਉਨ੍ਹਾਂ ਨੇ ਕੇਵਲ 40 ਸਿੱਖ ਸਾਥੀਆਂ ਨਾਲ ਰਲ ਕੇ ਬਹੁਤ ਹੀ ਬਹਾਦਰੀ ਨਾਲ ਬੇਜੋੜ ਦਲੇਰੀ ਨਾਲ ਚਮਕੌਰ ਦੀ ਲੜਾਈ ਲੜੀ। ਅਖੀਰ ਉਹ ਕੱਚੀ ਗੜ੍ਹੀ (ਚਮਕੌਰ ਦੀ) ਵਿਚੋਂ ਨਿਕਲ ਗਏ ਪਰੰਤੂ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੀਆਂ ਫੌਜਾਂ ਨੇ ਲਗਾਤਾਰ ਪਿੱਛਾ ਜਾਰੀ ਰਖਿਆ ਤੇ ਗੁਰੂ ਜੀ ਨੇ ਆਖਰੀ ਲੜਾਈ ਮੁਕਤਸਰ ਵਿਚ ਲੜੀ ਜਿਸ ਵਿਚ ਮੁਗਲ ਫੌਜਾਂ ਨੂੰ ਭਾਰੀ ਹਾਰ ਹੋਈ।ਚਮਕੌਰ ਦੀ ਲੜਾਈ ਵਿਚ ਉਨ੍ਹਾਂ ਦੇ ਦੋ ਵੱਡੇ ਪੁੱਤਰ ਮਾਰੇ ਗਏ। ਉਨ੍ਹਾਂ ਦੇ ਦੋ ਛੋਟੇ ਪੁੱਤਰ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਵਜ਼ੀਰ ਖਾਨ ਨੇ ਉਸ ਵੇਲੇ ਫੜ ਲਿਆ ਸੀ ਜਦੋਂ ਕਿ ਉਹ ਆਨੰਦਪੁਰ ਛੱਡਣ ਵੇਲੇ ਗੁਰੂ ਜੀ ਤੋਂ ਵਿਛੜ ਗਏ ਸਨ। ਇਨ੍ਹਾਂ ਦੋਹਾਂ ਮਾਸੂਮਾਂ ਨੂੰ ਜਿਉਂਦਿਆਂ ਹੀ ਦੀਵਾਰਾਂ ਵਿਚ ਚਿਣਵਾ ਕੇ (ਵਜ਼ੀਰ ਖਾਨ ਦੇ ਹੁਕਮ ਨਾਲ) ਸ਼ਹੀਦ ਕਰ ਦਿੱਤਾ ਗਿਆ।

ਕੁਝ ਦੇਰ ਮੁਕਤਸਰ ਠਹਿਰਨ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਚਲੇ ਗਏ। ਦੀਨਾ ਵਿਖੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਕ ਲੰਮੀ ਚਿੱਠੀ ਲਿਖੀ ਜਿਸ ਨੂੰ 'ਜਫਰਨਾਮਾ' ਕਿਹਾ ਜਾਂਦਾ ਹੈ। ਇਸ ਪੱਤਰ ਵਿਚ ਉਨ੍ਹਾਂ ਨੇ ਕੁਝ ਨਿਸ਼ਚਿਤ ਤੱਥ ਤੇ ਮੁਗਲ ਫੌਜਾਂ ਨਾਲ ਲੜਾਈ ਦੇ ਕਾਰਣ ਤੇ ਸਿੱਖ ਸਿਧਾਂਤਾਂ ਬਾਰੇ ਲਿਖਿਆ ਹੈ ਅਤੇ ਇਹ ਵੀ ਲਿਖਿਆ ਕਿ ਕਿਵੇਂ ਮੁਗਲ ਅਫ਼ਸਰ ਬਾਰ-ਬਾਰ ਕੀਤੇ ਇਕਰਾਰ ਤੋੜਦੇ ਰਹੇ। ਗੁਰੂ ਜੀ ਨੇ ਵਜ਼ੀਰ ਖਾਨ ਦੁਆਰਾ ਆਪਣੇ ਛੋਟੇ ਪੁੱਤਰਾਂ ਦੇ ਦੀਵਾਰ ਵਿਚ ਚਿਣਵਾ ਦੇਣ ਦੀ ਅਣਮਨੁੱਖੀ ਤੇ ਜ਼ਾਲਮ ਕਰਤੂਤ ਬਾਰੇ ਲਿਖਿਆ। ਚਿੱਠੀ ਵਿਚ ਬਾਦਸ਼ਾਹ ਨੂੰ ਅਪੀਲ ਵੀ ਕੀਤੀ ਗਈ ਕਿ ਉਹ ਆਪਣੇ ਪਿਛਲੇ ਪਾਪਾਂ ਦਾ ਪ੍ਰਾਸ਼ਚਿਤ ਵੀ ਕਰੇ। ਕਿਹਾ ਜਾਂਦਾ ਹੈ ਕਿ ਇਸ ਪੱਤਰ ਦਾ ਔਰੰਗਜ਼ੇਬ ਤੇ ਬਹੁਤ ਡੂੰਘਾ ਅਸਰ ਹੋਇਆ ਤੇ ਉਸ ਨੇ ਗੁਰੂ ਜੀ ਨੂੰ ਦਿੱਲ ਦੀ ਗੱਲ ਸਾਂਝੀ ਕਰਨ ਲਈ ਬੁਲਾਇਆ। ਅਹਿਕਾਮ-ਏ-ਆਲਮਗੀਰੀ ਦੇ ਅਧਿਐਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਅਹਿਮਦ ਨਗਰ ਤਕ ਉਨ੍ਹਾਂ ਦੇ ਸਾਰੇ ਰਸਤੇ ਉਪਰ ਪੂਰੇ ਰਾਜ ਵਿਚ ਸਫਰ ਦੇ ਲਈ ਸੁਰੱਖਿਆ ਪ੍ਰਦਾਨ ਕੀਤੀ ਜਾਵੇ।

ਗੁਰੂ ਸਾਹਿਬ ਨੇ ਦੱਖਣ ਵਲ ਚਾਲੇ ਪਾਏ। ਜਦੋਂ ਉਹ ਰਾਜਸਥਾਨ ਵਿਚ ਬਘੌੜ ਦੇ ਸਥਾਨ ਤੇ ਪਹੁੰਚੇ ਤਾਂ ਉਨ੍ਹਾਂ ਨੂੰ ਖਬਰ ਮਿਲੀ ਕਿ ਆਪਣੇ ਅਹਿਮਦ ਨਗਰ ਦੇ ਆਪਣੇ ਕੈਂਪ ਵਿਚ ਔਰੰਗਜ਼ੇਬ ਦੀ 24 ਫਰਵਰੀ 1707 ਈ. ਨੂੰ ਮੌਤ ਹੋ ਗਈ। ਇਸ ਖਬਰ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਆਪਣੇ ਕਦਮ ਫਿਰ ਉੱਤਰ ਵਲ ਮੋੜੇ। ਇੰਜ ਜਾਪਦਾ ਹੈ ਕਿ ਗੁਰੂ ਜੀ ਨੇ ਦੁਬਾਰਾ ਲੜਨ ਦਾ ਫੈਸਲਾ ਕੀਤਾ। ਇਹ ਫੈਸਲਾ ਆਪਣੇ ਪਿਤਾ ਦੀ ਸ਼ਹੀਦੀ ਤੇ ਪਰਿਵਾਰ ਦੀ ਮੌਤ ਦਾ ਬਦਲਾ ਲੈਣ ਲਈ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਅਜਿਹਾ ਆਪਣੇ ਉਸ ਵਚਨ ਨੂੰ ਪੂਰਾ ਕਰਨ ਲਈ ਕੀਤਾ ਕਿ ਜ਼ਾਲਿਮ ਦਾ ਟਾਕਰਾ ਹਰ ਕੀਮਤ ਤੇ ਕੀਤਾ ਹੀ ਜਾਣਾ ਸੀ। ਜੇਕਰ ਵਜ਼ੀਰ ਖਾਨ ਤੇ ਦੂਜੇ ਮੁਗਲ ਜਿਨ੍ਹਾਂ ਨੇ ਜ਼ਿਆਦਤੀਆਂ ਕੀਤੀਆਂ ਸਨ, ਆਦਿ ਨੂੰ ਯੋਗ ਸਜ਼ਾਵਾਂ ਦਿੱਤੀਆਂ ਜਾਂਦੀਆਂ ਅਤੇ ਸਿੱਖਾਂ ਨੂੰ ਸਿਰ ਉਚੇ ਕਰਕੇ ਜੀਣ ਦਿੱਤਾ ਜਾਂਦਾ ਤਾਂ ਉਨ੍ਹਾਂ ਨੂੰ ਦੱਖਣ ਵਿਚ ਔਰੰਗਜ਼ੇਬ ਨੂੰ ਮਿਲਣ ਦੀ ਕੋਈ ਕਾਹਲ ਨਹੀਂ ਸੀ।

ਔਰੰਗਜ਼ੇਬ ਦੀ ਮੌਤ ਨਾਲ ਉਸ ਦੇ ਤਿੰਨਾਂ ਪੁੱਤਰਾਂ ਵਿਚ ਉਤਰਾਧਿਕਾਰੀ ਲਈ ਲੜਾਈ ਛਿੜ ਗਈ। ਕਿਹਾ ਜਾਂਦਾ ਹੈ ਕਿ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਤੋਂ ਮਦਦ ਮੰਗੀ ਤੇ ਗੁਰੂ ਜੀ ਨੇ ਆਪਣੇ ਭਰੋਸੇਯੋਗ ਸਿਪਾਹੀਆਂ ਦੀ ਇਕ ਟੁਕੜੀ ਭਾਈ ਧਰਮ ਸਿੰਘ ਦੀ ਕਮਾਨ ਵਿਚ ਬਹਾਦਰ ਸ਼ਾਹ ਦੀ ਮਦਦ ਲਈ ਭੇਜੀ। ਅਸਲ ਵਿਚ ਗੁਰੂ ਜੀ ਨੂੰ ਬਹਾਦਰ ਸ਼ਾਹ ਵਧੀਆ ਇਨਸਾਨ ਲਗਿਆ ਸੀ ਤੇ ਆਸ ਕੀਤੀ ਸੀ ਕਿ ਉਹ ਵਧੀਆ ਸ਼ਾਸਕ ਬਣੇਗਾ ਤੇ ਇਸੇ ਕਾਰਣ ਉਨ੍ਹਾਂ ਨੂੰ ਬਹਾਦਰ ਸ਼ਾਹ ਦੀ ਮਦਦ ਕਰਨ ਵਿਚ ਕੋਈ ਇਤਰਾਜ਼ਯੋਗ ਗੱਲ ਨਜ਼ਰ ਨਹੀ ਆਈ।

ਬਹਾਦਰ ਸ਼ਾਹ ਉਤਰਾਧਿਕਾਰ ਦੀ ਲੜਾਈ ਵਿਚ ਜਿੱਤ ਗਿਆ। ਉਹ ਦਿੱਲੀ ਦਾ ਬਾਦਸ਼ਾਹ ਬਣ ਕੇ ਆਗਰੇ ਆਇਆ। ਬਾਦਸ਼ਾਹ ਦੇ ਬੁਲਾਵੇ ਤੇ ਗੁਰੂ ਜੀ ਉਸ ਨੂੰ ਮਿਲਣ ਆਗਰੇ ਗਏ। ਬਾਦਸ਼ਾਹ ਨੇ ਧੰਨਵਾਦ ਵਜੋਂ ਗੁਰੂ ਜੀ ਨੂੰ ਕੀਮਤੀ ਤੋਹਫੇ ਜਿਵੇਂ ਕਿ ਇਕ ਕੀਮਤੀ ਪੁਸ਼ਾਕ, ਹੀਰਿਆਂ ਜੜਿਆਂ ਇਕ ਰੁਮਾਲ ਜਿਸ ਦੀ ਕੀਮਤ 60 ਹਜ਼ਾਰ ਰੁਪਏ ਸੀ, ਭੇਟ ਕੀਤਾ। ਗੁਰੂ ਜੀ ਦੀ ਸ਼ਖਸੀਅਤ ਤੋਂ ਬਾਦਸ਼ਾਹ ਬਹੁਤ ਪ੍ਰਭਾਵਿਤ ਅਤੇ ਖੁਸ਼ ਹੋਇਆ। ਉਨ੍ਹਾਂ ਨੂੰ ਉਮੀਦ ਸੀ ਕਿ ਬਾਦਸ਼ਾਹ ਨੂੰ ਸਮਝਾ ਕੇ ਮੁਗਲਾਂ ਤੇ ਸਿੱਖਾਂ ਅਤੇ ਬਾਕੀ ਗੈਰ-ਮੁਸਲਿਮ ਲੋਕਾਂ ਵਿਚਕਾਰ ਅਮਨ ਅਤੇ ਸ਼ਾਂਤੀ ਦਾ ਇਕ ਨਵਾਂ ਯੁਗ ਆਰੰਭ ਕੀਤਾ ਜਾ ਸਕੇਗਾ। ਉਹਨਾਂ ਨੇ ਇਹ ਵੀ ਸੋਚਿਆ ਸੀ ਕਿ ਉਹ ਬਾਦਸ਼ਾਹ ਤੋਂ ਵਜ਼ੀਰ ਖਾਨ ਨੂੰ ਵੀ ਸਜ਼ਾ ਦਿਵਾ ਸਕਣਗੇ, ਜਿਸ ਨੇ ਗੁਰੂ ਜੀ, ਉਨ੍ਹਾਂ ਦੇ ਪਰਿਵਾਰ ਤੇ ਸਿੱਖਾਂ ਤੇ ਬਹੁਤ ਜ਼ਿਆਦਾ ਵਧੀਕੀਆਂ ਕੀਤੀਆਂ ਸਨ।

ਇਸ ਸੰਬੰਧ ਵਿਚ ਬਾਦਸ਼ਾਹ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਗਈ, ਪਰ ਗੱਲਬਾਤ ਹਾਲੀ ਚਲ ਹੀ ਰਹੀ ਸੀ ਕਿ ਬਾਦਸ਼ਾਹ ਨੂੰ 1707 ਈਸਵੀ ਦੇ ਨਵੰਬਰ ਮਹੀਨੇ ਵਿਚ ਰਾਜਪੂਤਾਨੇ ਵਲ ਕੂਚ ਕਰਨਾ ਪਿਆ ਤੇ ਅੱਗੇ ਹੋਰ ਦੱਖਣ ਵਲ ਵੀ ਜਾਣਾ ਸੀ ਜਿਥੇ ਕਿ ਉਸ ਦਾ ਭਰਾ ਕਾਮ ਬਖਸ਼ ਬਗਾਵਤ ਕਰ ਰਿਹਾ ਸੀ ਤੇ ਉਸ ਨੂੰ ਦਬਾਉਣਾ ਸੀ। ਗੁਰੂ ਸਾਹਿਬ ਵੀ ਉਸ ਦੇ ਨਾਲ ਹੀ ਗਏ ਤਾਂ ਕਿ ਗੱਲਬਾਤ ਦਾ ਕੋਈ ਨਤੀਜਾ ਤਾਂ ਨਿਕਲ ਸਕੇ। ਲਗਭਗ ਗਿਆਰਾਂ ਮਹੀਨੇ ਬਾਦਸ਼ਾਹ ਦੀ ਦੱਖਣ ਯਾਤਰਾ ਵਿਚ ਗੁਰੂ ਜੀ ਬਾਦਸ਼ਾਹ ਦੇ ਨਾਲ ਰਹੇ। ਇਸ ਸਾਰੇ ਸਮੇਂ ਦੌਰਾਨ ਬਾਦਸ਼ਾਹ, ਵਜ਼ੀਰ ਖਾਨ ਨੂੰ (ਗੁਰੂ ਜੀ ਦੇ) ਸਜ਼ਾ ਦੇਣ ਦੇ ਸੁਝਾਅ ਨੂੰ ਧੋਖੇ ਭਰੇ ਜਵਾਬਾਂ ਨਾਲ ਟਾਲਦਾ ਰਿਹਾ। ਅੰਤ ਵਿਚ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਗਲਤੀ ਕਰਨ ਵਾਲਿਆਂ (ਜ਼ੁਲਮ ਕਰਨ ਵਾਲਿਆਂ) ਨੂੰ ਸਜ਼ਾ ਦੇਣ ਬਾਰੇ ਕਿਸੇ ਸੁਝਾਅ ਨੂੰ ਬਾਦਸ਼ਾਹ ਵਲੋਂ ਪ੍ਰਵਾਨ ਕੀਤੇ ਜਾਣ ਦੀ ਕੋਈ ਉਮੀਦ ਨਹੀਂ ਹੈ। ਅੰਤ 1708 ਈ. ਵਿਚ ਗੁਰੂ ਜੀ ਨੰਦੇੜ ਚਲੇ ਗਏ। ਗੁਰੂ ਜੀ ਨੂੰ ਇਥੇ ਹੀ ਇਕ ਪਠਾਨ ਨੇ ਛੁਰਾ ਮਾਰਿਆ। ਇਸ ਫੱਟ ਦੇ ਕਾਰਣ ਹੀ ਗੁਰੂ ਜੀ ਤਿੰਨ ਅਕਤੂਬਰ, 1708 ਈਸਵੀ ਨੂੰ ਜੋਤੀ ਜੋਤ ਸਮਾ ਗਏ। ਛੁਰਾ ਵਜ ਕੇ ਜ਼ਖਮੀ ਹੋਣ ਤੇ ਆਪਣੀ ਮੌਤ ਦੇ ਵਿਚਾਲੇ ਸਮੇਂ ਵਿਚ ਉਨ੍ਹਾਂ ਨੇ ਬੰਦੇ ਨੂੰ ਪੰਜਾਬ ਭੇਜਿਆ ਤੇ ਉਸ ਨੂੰ ਪੰਜਾਬ ਦੇ ਅਤਿਆਚਾਰੀ ਮੁਗਲ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਹੁਕਮ ਦਿੱਤਾ।